
Reshmi's Group
ETHINIC FOOD DISTRIBUTOR
Chawla's
ਪੰਜਾਬੀਆਂ ਦੀ ਪਹਿਲੀ ਪਸੰਦ
Chawla's
Punjabi
Sarson
Ka Saag
29.98 oz (850 g)
BEST SELLER
RECOMMENDED
CHAWLA'S SARSON KA SAAG 850G
BUY NOW
For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.

# Mother's Day Event

## GIVE MOM A GIFT AS UNIQUE AS HER LOVE



**MOTHER'S DAY EVENT FROM MAY 1ST THRU MAY 10, 2026**

ਮਦਰਜ਼ ਡੇਅ ਈਵੈਂਟ ਮਈ 1 ਤੋਂ ਮਈ 10, 2026 ਤੱਕ

**BEST PRICES & SELECTION ON THE NEWEST STYLES OF 22K JEWELRY FROM DUBAI**

ਡੁਬਈ ਤੋਂ 22 ਕੈਰੇਟ ਦੀ ਜਿਊਲਰੀ ਦੇ ਨਵੇਂ ਸਟਾਈਲਾਂ ਤੇ ਵਧੀਆ ਕੀਮਤ ਅਤੇ ਸਿਲੈਕਸ਼ਨ

ਮਦਰਜ਼ ਡੇਅ ਸਪੈਸ਼ਲ

ਖਰੀਦ ਕਰਨ ਤੇ ਫਰੀ ਗਿਫਟ

*ਹਰ ਗਾਹਕ ਲਈ/ਹਰੇਕ ਖਰੀਦ ਤੇ ਜਦੋਂ ਤੱਕ ਸਪਲਾਈ ਉਪਲਬਧ

## All Diamond Jewelry on Sale!

**up to 60% Off**

ਡਾਇਮੰਡ ਦੀ ਸਾਰੀ ਜਿਊਲਰੀ ਤੇ ਸੇਲ!

MOTHER'S DAY SPECIAL

FREE GIFT WITH PURCHASE*

*One per customer per purchase, while supplies last.

**EASY FINANCING AVAILABLE**

ਸੌਖੀ ਫਾਇਨੈਂਸਿੰਗ ਉਪਲਬਧ

**Shop 2 Locations in Kent, WA For the best 22k Selection and Price!**

22 ਕੈਰੇਟ ਦੀ ਵਧੀਆ ਸਿਲੈਕਸ਼ਨ ਅਤੇ ਕੀਮਤ ਲਈ ਕੈਂਟ ਵਾਸ਼ਿੰਗਟਨ ਵਿਚ 2 ਲੁਕੇਸ਼ਨਾਂ ਤੇ ਸ਼ਾਪਿੰਗ ਕਰੋ

WE BUY GOLD HIGHEST PRICES PAID

ਅਸੀਂ ਮਹਿੰਗੀ ਕੀਮਤ ਤੇ ਸੋਨਾ ਖਰੀਦਦੇ ਹਾਂ

TAJ JEWELERS

ਤਾਜ਼ ਜਿਊਲਰਜ਼

253-981-3071

10120 SE 260th ST #110
Kent, WA 98030

TAJ GOLD & DIAMOND JEWELERS

ਤਾਜ਼ ਗੋਲਡ & ਡਾਇਮੰਡ ਜਿਊਲਰਜ਼

253-236-2757

25619 104th Ave SE
Kent, WA 98030

TRADE YOUR OLD GOLD FOR NEW JEWELRY

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

# ਖ਼ਾਲਿਸਤਾਨ ਦਾ ਸੰਘਰਸ਼ ਪੜਾਅ-ਦਰ-ਪੜਾਅ ਅੱਗੇ ਵੱਧ ਰਿਹੈ:ਭਾਈ ਰਣਜੀਤ ਸਿੰਘ ਦਮਦਮੀ ਟਕਸਾਲ




ਅੰਮ੍ਰਿਤਸਰ:ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਅੱਜ ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਉੱਤੇ ਪੰਥਕ ਜਥੇਬੰਦੀਆਂ ਵੱਲੋਂ ਬੁਰਜ ਅਕਾਲੀ ਫੂਲਾ ਸਿੰਘ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਕੀਤੇ ਗਏ ਮਾਰਚ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਖ਼ਾਲਿਸਤਾਨ ਦਾ ਸੰਘਰਸ਼ ਪੜਾਅ-ਦਰ-ਪੜਾਅ ਅੱਗੇ ਵੱਧਦਾ ਜਾ ਰਿਹਾ ਹੈ ਤੇ ਭਾਰਤ ਸਰਕਾਰ ਵੱਲੋਂ ਸਿੱਖ ਕੌਮ ਉੱਤੇ ਕੀਤਾ ਜਾਂਦਾ ਹਰ ਜ਼ੁਲਮ, ਧੱਕਾ ਤੇ ਬੇਇਨਸਾਫ਼ੀ ਸਿੱਖਾਂ ਨੂੰ ਖ਼ਾਲਿਸਤਾਨ ਦੇ ਸੰਘਰਸ਼ ਵੱਲ ਹੋਰ ਪੱਕਾ ਕਰਦੀ ਹੈ। ਜਾਗਦੀਆਂ ਜ਼ਮੀਰਾਂ ਵਾਲੇ ਸਿੱਖਾਂ ਦੇ ਦਿਲਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬੋਲ ਧੜਕਦੇ ਰਹਿੰਦੇ ਹਨ ਕਿ ਹੁਣ ਖ਼ਾਲਿਸਤਾਨ ਬਿਨਾਂ ਗੁਜ਼ਾਰਾ ਨਹੀਂ ਹੈ। ਭਾਰਤੀ ਮੀਡੀਆ ਅਤੇ ਭਾਰਤ ਸਰਕਾਰ ਕਈ ਵਾਰ ਖ਼ਾਲਿਸਤਾਨ ਦੇ ਸੰਘਰਸ਼ ਦੇ ਖ਼ਤਮ ਹੋਣ ਦੇ ਦਾਅਵੇ ਕਰਦੀ ਪਰ ਛੇਤੀ ਹੀ ਖਾਲਿਸਤਾਨ ਦੀ ਕੋਈ ਸਰਗਰਮੀ, ਬਿਆਨ ਅਤੇ ਹਕੀਕਤ ਭਾਰਤ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢ ਦਿੰਦੀ ਹੈ।

ਹੁਣ ਸੰਸਾਰ ਭਰ ਵਿੱਚ ਸਿੱਖਾਂ ਦੀ ਪਛਾਣ ਖ਼ਾਲਿਸਤਾਨ ਵਜੋਂ ਬਣ ਚੁੱਕੀ ਹੈ, ਸਿੱਖ ਅਤੇ ਖ਼ਾਲਿਸਤਾਨ ਦੋਵੇਂ ਇੱਕ-ਦੂਜੇ ਵਿੱਚ ਪੂਰੇ ਘੁਲ-ਮਿਲ ਚੁੱਕੇ ਹਨ, ਸਿੱਖਾਂ ਦੇ ਦਿਲ-ਦਿਮਾਗ ਵਿੱਚ ਵਸੇ ਖ਼ਾਲਿਸਤਾਨ ਦੇ ਸ਼ਬਦ ਨੂੰ ਹੁਣ ਕੋਈ ਨਹੀਂ ਕੱਢ ਸਕਦਾ, ਖ਼ਾਲਿਸਤਾਨ ਦੇ ਸੰਕਲਪ ਅਤੇ ਸੁਪਨੇ ਨੂੰ ਸਿੱਖ ਸਾਕਾਰ ਕਰਨਾ ਚਾਹੁੰਦੇ ਹਨ। ਪੰਥ ਅਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਸਿੱਖ ਖ਼ਾਲਿਸਤਾਨ ਪ੍ਰਤੀ ਪੂਰੇ ਦ੍ਰਿੜ ਹਨ ਤੇ ਉਹ ਸਮਰਥਾ ਤੋਂ ਵੱਧ ਕੇ' ਆਵਾਜ਼ ਬੁਲੰਦ ਕਰਦੇ ਹਨ। ਭਾਰਤ ਸਰਕਾਰ ਅਕਸਰ ਹੀ ਚਿੰਤਤ ਰਹਿੰਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਖ਼ਾਲਿਸਤਾਨ ਤਾਂ ਹੁਣ ਇੱਕ ਦਿਨ ਬਣ ਕੇ ਰਹੇਗਾ। ਸਾਡਾ ਢੱਠਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼ਹੀਦਾਂ ਦਾ ਡੁੱਲ੍ਹਿਆ ਖ਼ੂਨ ਅਜਾਈਂ ਨਹੀਂ ਜਾਏਗਾ, ਦੁਨੀਆਂ ਦੇ ਨਕਸ਼ੇ ਉੱਤੇ ਖ਼ਾਲਿਸਤਾਨ ਜਲਦ ਹੋਂਦ ਵਿੱਚ ਆਏਗਾ। ਖ਼ਾਲਿਸਤਾਨ ਦੇ ਸੰਘਰਸ਼ ਵਿੱਚ ਸ਼ਹੀਦੀਆਂ ਪਾਉਣ, ਜੇਲ੍ਹਾਂ ਕੱਟਣ, ਤਸ਼ੱਦਦ ਝੱਲਣ ਅਤੇ ਕਿਸੇ ਤਰ੍ਹਾਂ ਵੀ ਹਿੱਸਾ ਪਾਉਣ ਵਾਲੇ ਸਭ ਸਿੰਘਾਂ-ਸਿੰਘਣੀਆਂ ਨੂੰ ਅਸੀਂ ਪ੍ਰਣਾਮ ਕਰਦੇ ਹਾਂ।

# ਦਿੱਲੀ ਬੈਠੇ ਸਿਆਸੀ ਆਗੂ ਪੰਜਾਬ ਨੂੰ ਸਮਝਣ ਦੀ ਥਾਂ ਉਲਟ ਬਿਰਤਾਂਤ ਘੜਦੇ ਹਨ:ਗਿ. ਹਰਪ੍ਰੀਤ ਸਿੰਘ

ਚੰਡੀਗੜ੍ਹ-ਦਿੱਲੀ ਬੈਠੇ ਸਿਆਸੀ ਆਗੂਆਂ ਨੂੰ ਅਕਸਰ ਪੰਜਾਬ ਦੀ ਜ਼ਮੀਨੀ ਹਕੀਕਤ ਦੀ ਸਮਝ ਨਹੀਂ ਹੁੰਦੀ। ਪੰਜਾਬ ਨੂੰ ਸਮਝਣ ਦੀ ਬਜਾਏ ਉਹ ਇਸਦੇ ਖਿਲਾਫ਼ ਵਿਰਤਾਂਤ ਘੜਦੇ ਹਨ। ਜਿੱਥੇ ਪੰਜਾਬ ਨੂੰ ਕੱਟੜ ਜਾਂ ਦੇਸ਼ ਵਿਰੋਧੀ ਤਸਵੀਰ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਲਿਖਤੀ ਪ੍ਰੈੱਸ ਬਿਆਨ ਵਿੱਚ ਕੀਤਾ। ਉਹਨਾ ਕਿਹਾ ਕਿ ਅੱਜ ਅਜੇ ਮਾਕਨ ਵੱਲੋਂ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਵੱਖਵਾਦੀ ਤਾਕਤਾਂ ਕਹਿਣਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਕੀ ਆਪਣੇ ਸੂਬੇ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਹੁਣ ਵੱਖਵਾਦ ਮੰਨਿਆ ਜਾਵੇਗਾ? ਕਾਂਗਰਸ ਦੀ ਐਸੀ ਸੋਚ ਪਹਿਲਾਂ ਵੀ ਪੰਜਾਬ ਨੂੰ ਨੁਕਸਾਨ ਪਹੁੰਚਾ ਚੁੱਕੀ ਹੈ। ਅੱਜ ਵੀ ਫਿਰ ਉਹੀ ਕੁਝ ਦੁਹਰਾਇਆ ਜਾ ਰਿਹਾ ਹੈ। ਇੱਕ ਪਾਸੇ ਪੁਰਾਣੇ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦੀ ਗੱਲ ਕੀਤੀ ਜਾਂਦੀ ਹੈ ਪਰ ਦੂਜੇ ਪਾਸੇ ਪੰਜਾਬ ਖਿਲਾਫ਼ ਇਸ ਤਰ੍ਹਾਂ ਦੇ ਨਫ਼ਰਤੀ ਬਿਰਤਾਂਤ ਘੜਨ ਵਾਲੇ ਬਿਆਨ ਦਿੱਤੇ ਜਾਂਦੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਪੰਜਾਬ ਕਾਂਗਰਸ ਨੂੰ ਇਸ ਬਿਆਨ 'ਤੇ' ਤੁਰੰਤ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ, ਕਿ ਕੀ ਉਹ ਅਜੇ ਮਾਕਨ ਦੇ ਬਿਆਨ ਨਾਲ ਸਹਿਮਤ ਹਨ ਜਾਂ ਇਸ ਦੇ ਵਿਰੁੱਧ। ਉਹਨਾਂ ਨੂੰ ਦਿੱਲੀ ਦੇ ਇਸ ਲੀਡਰ ਤੋਂ ਪੰਜਾਬ ਦੀ ਛਵੀ ਨੂੰ ਨੁਕਸਾਨ ਪਹੁੰਚਾਉਣ ਬਦਲੇ ਤੁਰੰਤ ਮੁਆਫ਼ੀ ਮੰਗਵਾਉਣੀ ਚਾਹੁੰਦੀ ਹੈ। ਇਹ ਪ੍ਰੈੱਸ ਬਿਆਨ ਮੀਡੀਆ ਇੰਚਾਰਜ ਸ ਤੇਜਿੰਦਰ ਸਿੰਘ ਪੰਨੂੰ ਵੱਲੋਂ ਜਾਰੀ ਕੀਤਾ ਗਿਆ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

Hours:

| | |
|---|---|
| Monday | 9AM - 6PM |
| Tuesday | 9AM - 6PM |
| Wednesday | 9AM - 6PM |
| Thursday | 9AM - 6PM |
| Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome

-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA


GURDWARA GURU NANAK PARKASH
Branch of Damdami Taksal
777 W Smith Rd Bellingham WA 98226 United States
ਮਹਾਨ
ਨਗਰ ਕੀਰਤਨ
2nd May, (Sat)
ਖਾਲਸਾ ਸਾਜਨਾ ਦਿਵਸ
ਨੂੰ ਸਮਰਪਿਤ
ਮਹਾਨ ਨਗਰ ਕੀਰਤਨ
&
ਅੰਮ੍ਰਿਤ ਸੰਚਾਰ
ਸੇਵਾ
ਨਿਸ਼ਾਨ
ਸਾਹਿਬ
1 May, (Fri)
Morning at 11:00 AM
ਗੱਤਕਾ ਅਤੇ ਘੋੜ ਸਵਾਰੀ
02
May
2026
12:00pm
Afternoon
Saturday
ਸਨਿਮਰ ਬੇਨਤੀ
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ ਮਹਾਨ ਗੁਰਮਤਿ ਸਮਾਗਮਾਂ ਵਿਚ ਹਾਜਰੀਆਂ ਭਰ ਕੇ ਅਤੇ ਤਨ ਮਨ ਧਨ ਦੁਆਰਾ ਸੇਵਾਵਾਂ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸ੍ਰੀ ਅਖੰਡ ਪਾਠ ਸਾਹਿਬ
(ਸਮੇਤ ਸ੍ਰੀ ਜਪੁਜੀ ਸਾਹਿਬ)
ਆਰੰਭਤਾ....... 1st May (Friday) 10:00 am
ਭੋਗ .............. 3rd May (Sun) 10:00 am
ਸਹਿਜ ਪਾਠਾਂ ਦੇ ਭੋਗ ਵੀ ਪਾਏ ਜਾਣਗੇ ਜੀ
After the Bhogs, Katha Kirtan & Kavishri Jatha, will be held.
(ਗੁਰੂ ਕਾ ਲੰਗਰ ਅਤੁੱਟ ਵਰਤੇਗਾ)
ਪੀਜ਼ਾ, ਛੋਲੇ ਭਟੂਰੇ, ਗੋਲ ਗੱਪੇ, ਜਲੇਬੀਆਂ, ਗੰਨੇ ਦਾ ਰਸ, ਆਇਸ ਕਰੀਮ, ਬਰੈੱਡ ਪਕੌੜੇ ਆਦਿ।
(Amrit Sanchaar)
3rd May 2026 (Sun) 2:00 pm
LIVE
Gurdwara Guru Nanak Parkaash Bellingham
ਆਰੰਭ ਨਗਰ ਕੀਰਤਨ........ 12:00 PM
More info. 360 312 1190, 360 220 9877
(253) 269-2699
ਮੌਜੂਦਾ ਮੁਖੀ ਦਮਦਮੀ ਟਕਸਾਲ
ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਮੁੱਖ ਸੇਵਾਦਾਰ
ਬਾਬਾ ਧਰਮ ਸਿੰਘ ਜੀ USA
ਭਾਈ ਮਨਦੀਪ ਸਿੰਘ USA
(ਦਮਦਮੀ ਟਕਸਾਲ)
ਹਜ਼ੂਰੀ ਰਾਗੀ
Bhai Siripal Singh ji
ਪੰਥ ਪ੍ਰਸਿੱਧ ਕਵੀਸ਼ਰੀ ਜੱਥਾ
Bhai Mehal Singh ji

# ਭਾਰਤੀ ਰੁਪਇਆ ਅਮਰੀਕੀ ਡਾਲਰ ਦੇ ਮੁਕਾਬਲੇ 95.20 ਤੇ ਪਹੁੰਚਿਆ

ਮੁੰਬਈ: ਭਾਰਤੀ ਰੁਪਇਆ 32 ਪੈਸੇ ਡਿੱਗ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.20 ਦੇ ਸਭ ਤੋਂ ਹੇਠਲੇ ਪੱਧਰ ‘ਤੇ ਪਹੁੰਚ ਗਿਆ। ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਅਤੇ ਮਜ਼ਬੂਤ ਅਮਰੀਕੀ ਡਾਲਰ ਨੇ ਘਰੇਲੂ ਮੁਦਰਾ ‘ਤੇ ਦਬਾਅ ਵਧਾਇਆ। ਫਾਰੇਕਸ ਵਪਾਰੀਆਂ ਨੇ ਨੋਟ ਕੀਤਾ ਕਿ ਬ੍ਰੈਂਟ ਕਰੂਡ ਦੀਆਂ ਕੀਮਤਾਂ ਪ੍ਰਤੀ ਬੈਰਲ $122 ਦੇ ਆਸ-ਪਾਸ ਰਹਿੰਦੀਆਂ ਹਨ, ਜਿਸ ਨਾਲ ਭਾਰਤ ਦੇ ਆਯਾਤ ਬਿੱਲ ਵਿੱਚ ਸੰਭਾਵੀ ਵਾਧੇ ਬਾਰੇ ਚਿੰਤਾਵਾਂ ਵਧੀਆਂ ਹਨ। ਇਸ ਦੌਰਾਨ, ਮੱਧ ਪੂਰਬ ਵਿੱਚ ਸੰਭਾਵੀ ਵਿਆਪਕ ਟਕਰਾਅ ਦੇ ਡਰ ਨੇ ਨਿਵੇਸ਼ਕਾਂ ਦੀ ਚਿੰਤਾ ਵਧਾ ਦਿੱਤੀ ਹੈ, ਜੋ ਡਾਲਰ ਦੇ ਮੁਕਾਬਲੇ ਰੁਪਏ ਦੀ ਐਕਸਚੇਂਜ ਦਰ ‘ਤੇ ਹੋਰ ਦਬਾਅ ਪਾ ਸਕਦਾ ਹੈ।ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ, ਡਾਲਰ ਦੇ ਮੁਕਾਬਲੇ ਰੁਪਇਆ 95.01 ‘ਤੇ ਖੁੱਲ੍ਹਿਆ। ਸ਼ੁਰੂਆਤੀ ਕਾਰੋਬਾਰ ਵਿੱਚ, ਇਹ 95.20 ਪ੍ਰਤੀ ਡਾਲਰ ਦੇ ਰਿਕਾਰਡ ਹੇਠਲੇ ਪੱਧਰ ‘ਤੇ ਡਿੱਗ ਗਿਆ, ਜੋ ਕਿ ਇਸਦੇ ਪਿਛਲੇ ਬੰਦ ਪੱਧਰ ਤੋਂ 32 ਪੈਸੇ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਬੁੱਧਵਾਰ ਨੂੰ, ਰੁਪਇਆ 20 ਪੈਸੇ ਕਮਜ਼ੋਰ ਹੋ ਕੇ ਡਾਲਰ ਦੇ ਮੁਕਾਬਲੇ 94.88 ਦੇ ਰਿਕਾਰਡ ਹੇਠਲੇ ਪੱਧਰ ‘ਤੇ ਬੰਦ ਹੋਇਆ ਸੀ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜ਼ਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਸਿੱਖਾਂ ਦੇ ਰਾਜ ਕਰਨ ਦੇ ਦ੍ਰਿੜ ਸੰਕਲਪ ਨੂੰ ਸਮਰਪਿਤ "ਖਾਲਿਸਤਾਨ ਐਲਾਨਨਾਮਾ" ਅਧਿਕਾਰਤ ਤੌਰ 'ਤੇ ਇੱਕ ਆਜ਼ਾਦ ਸਿੱਖ ਰਾਜ 'ਖਾਲਿਸਤਾਨ' ਦਾ ਐਲਾਨ: ਭਾਈ ਤਾਰਾ, ਭਾਈ ਭਿਓਰਾ

## 29 ਅਪ੍ਰੈਲ 1986 ਨੂੰ ਪੇਸ਼ ਕੀਤਾ ਗਿਆ ਐਲਾਨਨਾਮਾ ਸਿੱਖਾਂ ਦੇ ਸਿਆਸੀ ਨਿਸ਼ਾਨੇ ਦਾ ਸਪੱਸ਼ਟ ਪ੍ਰਗਟਾਵਾ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸੰਨ 1699 ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਅਤੇ ਉਨ੍ਹਾਂ ਦੇ ਸ਼ਬਦ "ਰਾਜ ਬਿਨਾ ਨਹਿ ਧਰਮੁ ਚਲੈ ਹੈ॥ ਧਰਮੁ ਬਿਨਾ ਸਭ ਦਲੈ ਮਲੈ ਹੈ॥" ਨਾਲ ਆਏ ਧਾਰਮਿਕ-ਰਾਜਨੀਤਿਕ ਦ੍ਰਿਸ਼ਟੀਕੋਣ ਨੇ ਸਿੱਖਾਂ ਨੂੰ ਇਸ ਵਿਸ਼ਵਾਸ ਨਾਲ ਭਰ ਦਿੱਤਾ ਕਿ ਪੰਜਾਬ ਉੱਤੇ ਰਾਜ ਕਰਨਾ ਉਨ੍ਹਾਂ ਦਾ ਰੱਬੀ ਅਧਿਕਾਰ ਹੈ। ਸੰਨ 1709 ਵਿੱਚ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ, ਸਿੱਖ ਫ਼ੌਜਾਂ ਨੇ ਦਿੱਲੀ ਅਤੇ ਲਾਹੌਰ ਦੇ ਵਿਚਕਾਰ ਸਥਿਤ ਉਸ ਸਮੇਂ ਦੇ ਸਭ ਤੋਂ ਸ਼ਕਤੀਸ਼ਾਲੀ ਮੁ਼ਗਲ ਪ੍ਰਸ਼ਾਸਨਿਕ ਕੇਂਦਰ ਸਰਹਿੰਦ ਨੂੰ ਫ਼ਤਿਹ ਕਰਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਨੇ ਇਕ ਮੁਲਾਕਾਤ ਦੌਰਾਨ ਪੰਥ ਨੂੰ ਭੇਜੇ ਸੰਦੇਸ਼ ਵਿਚ ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਗੁਰੂਆਂ ਦੇ ਨਾਮ ਦੇ



ਸਿੱਕੇ ਚਲਾਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ ਸਨ । ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਥੋੜੇ ਸਮੇਂ ਲਈ ਹੀ ਰਿਹਾ ਪਰ ਇਹ ਰਾਜ ਸਿੱਖਾਂ ਦੇ ਪੰਜਾਬ ਉੱਤੇ ਰਾਜ ਕਰਨ ਦੇ ਦ੍ਰਿੜ ਸੰਕਲਪ ਨੂੰ ਜਨਮ ਦੇ ਗਿਆ ਨਤੀਜੇ ਵਜੋਂ 18ਵੀਂ ਸਦੀ ਦੇ ਅੱਧ ਵਿੱਚ ਇਹ ਰਾਜ ਸਿੱਖ ਮਿਸਲਾਂ ਦੇ ਰੂਪ ਵਿੱਚ ਦੁਬਾਰਾ ਉੱਭਰਿਆ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਨੂੰ ਜਿੱਤ ਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ। ਇੰਨ੍ਹਾ ਲੀਹਾਂ ਉਪਰ ਚਲਦਿਆ ਖਾਲਿਸਤਾਨ ਦੇ ਆਜ਼ਾਦੀ ਦੇ ਐਲਾਨਨਾਮੇ ਦਾ ਇਤਿਹਾਸਕ ਸੰਦੇਸ਼ 29 ਅਪ੍ਰੈਲ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਜਾਰੀ ਕੀਤਾ ਗਿਆ ਸੀ। ਇਸ ਦਿਨ ਨੂੰ ਸਿੱਖ ਸੰਘਰਸ਼ ਵਿੱਚ ਇੱਕ ਮਹੱਤਵਪੂਰਨ ਮੋੜ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਿਨ ਅਧਿਕਾਰਤ ਤੌਰ 'ਤੇ ਇੱਕ ਆਜ਼ਾਦ ਸਿੱਖ ਰਾਜ 'ਖਾਲਿਸਤਾਨ' ਦਾ ਐਲਾਨ ਕੀਤਾ ਗਿਆ ਸੀ। ਖ਼ਾਲਿਸਤਾਨ ਦਾ ਮੁੱਖ ਭਾਵ "ਖ਼ਾਲਸੇ ਦੀ ਸਰਜ਼ਮੀਨ" ਹੈ। ਐਸਜੀਪੀਸੀ ਵਲੋਂ ਵੀ 9 ਮਾਰਚ 1946 ਨੂੰ ਵੱਖਰੇ ਸਿੱਖ ਰਾਜ ਲਈ ਪ੍ਰਸਤਾਵ ਪੇਸ਼ ਕੀਤਾ ਗਿਆ ਸੀ। ਉਪਰੰਤ 28 ਅਗਸਤ 1977 ਨੂੰ ਅਨੰਦਪੁਰ ਸਾਹਿਬ ਦੇ ਮੱਤੇ ਰਾਹੀਂ ਇਸ ਨੂੰ ਮੁੜ ਦੋਹਰਾਇਆ ਗਿਆ ਸੀ।

ਸਰਬੱਤ ਖਾਲਸਾ (26 ਜਨਵਰੀ 1986) ਰਾਹੀਂ ਚੁਣੀ ਗਈ ਪੰਜ ਮੈਂਬਰੀ ਕਮੇਟੀ ਭਾਈ ਧੰਨਾ ਸਿੰਘ, ਭਾਈ ਅਰੂੜ ਸਿੰਘ, ਭਾਈ ਵਸਣ ਸਿੰਘ ਜ਼ਫ਼ਰਵਾਲ, ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵਲੋਂ 29 ਅਪ੍ਰੈਲ 1986 ਨੂੰ ਪੇਸ਼ ਕੀਤਾ ਗਿਆ ਇਹ ਐਲਾਨਨਾਮਾ ਸਿੱਖਾਂ ਦੇ ਸਿਆਸੀ ਨਿਸ਼ਾਨੇ ਦਾ ਸਪਸ਼ਟ ਪ੍ਰਗਟਾਵਾ ਸੀ, ਜਿਸਦਾ ਉਦੇਸ਼ ਸਿੱਖਾਂ ਦੀ ਨਿਆਰੀ ਅਤੇ ਸੁਤੰਤਰ ਹੋਂਦ ਨੂੰ ਬਰਕਰਾਰ ਰੱਖਣਾ ਸੀ। ਐਲਾਨਨਾਮੇ ਵਿੱਚ ਸਿੱਖ ਸਿਧਾਂਤਾਂ ਅਨੁਸਾਰ "ਬੇਗਮਪੁਰਾ-ਹਲੇਮੀ ਰਾਜ" ਸਥਾਪਿਤ ਕਰਨ ਦੀ ਗੱਲ ਕਹੀ ਗਈ ਸੀ, ਜੋ ਕਿ ਬਰਾਬਰੀ ਅਤੇ ਇਨਸਾਫ਼ 'ਤੇ ਅਧਾਰਤ ਹੋਵੇ ਅਤੇ ਸੰਯੁਕਤ ਰਾਸ਼ਟਰ ਅਤੇ ਮਨੁੱਖੀ ਅਧਿਕਾਰਾਂ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਨੂੰ ਸਿੱਖ ਸੰਘਰਸ਼ ਦੀ ਹਮਾਇਤ ਕਰਨ ਦੀ ਅਪੀਲ ਕੀਤੀ ਗਈ ਸੀ।

ਖਾਲਿਸਤਾਨ ਵਿੱਚ ਜਾਤ, ਰੰਗ ਜਾਂ ਧਰਮ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਾ ਹੋਣ ਅਤੇ ਸਾਰਿਆਂ ਲਈ ਬਰਾਬਰ ਦੇ ਹੱਕਾਂ ਦੀ ਗਰੰਟੀ ਦਾ ਵਾਅਦਾ ਕੀਤਾ ਗਿਆ ਸੀ। ਇਸ ਵਿੱਚ ਅਮੀਰ-ਗਰੀਬ ਦੇ ਪਾੜੇ ਨੂੰ ਖ਼ਤਮ ਕਰਨ ਅਤੇ ਪੇਂਡੂ ਖੇਤਰਾਂ ਦੇ ਵਿਕਾਸ 'ਤੇ ਜ਼ੋਰ ਦਿੱਤਾ ਗਿਆ ਸੀ, ਤਾਂ ਜੋ ਕੋਈ ਕਿਸੇ ਦਾ ਸ਼ੋਸ਼ਣ ਨਾ ਕਰ ਸਕੇ। ਸਾਡਾ ਸਿਆਸੀ ਨਿਸ਼ਾਨਾ ਗੁਰਮਤਿ ਆਦਰਸ਼ਾਂ ਉੱਤੇ ਅਧਾਰਤ ਅਜਿਹਾ ਪ੍ਰਭੁਸਤਾਸੰਪੰਨ ਸਿਆਸੀ ਢਾਂਚਾ ਅਤੇ ਆਲਮੀ ਨਿਜ਼ਾਮ ਸਥਾਪਿਤ ਕਰਨਾ ਹੈ ਜਿਹੜਾ ਖਾਲਸਾ ਜੀ ਦੇ ਪਾਤਿਸ਼ਾਹੀ ਦਾਅਵੇ ਦਾ ਸਨਮਾਨ ਕਰੇ ਅਤੇ ਇਸ ਵਿਆਪਕ ਖਿੱਤੇ ਤੇ ਸੰਸਾਰ ਵਿਚ ਫ਼ਲਸਤੂਸਰਬੱਤ ਦੇ ਭਲੇਫ਼ਰਸਤੂ ਅਤੇ ਫ਼ਲਸਤੂਗਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆਫ਼ਰਸਤੂ ਦੇ ਆਦਰਸ਼ਾਂ ਦਾ ਪਾਬੰਦ ਹੋਵੇ। ਖਾਲਿਸਤਾਨ ਆਤਮ-ਸਨਮਾਨ, ਨਿਆ, ਅਤੇ ਇਸ ਖਿਤੇ ਵਿਚ ਅਮਨ ਦਾ ਪ੍ਰਤੀਕ ਹੋਵੇਗਾ ਜਿਸ ਵਿਚ ਹਮਦਰਦੀ, ਖੇਤਰੀ ਸਹਿਯੋਗ, ਅਤੇ ਇਸ ਖਿੱਤੇ ਤੇ ਇਸ ਤੋਂ ਪਾਰ ਦੇ ਦਬਾਏ ਜਾ ਰਹੇ ਸਾਰੇ ਲੋਕਾਂ ਦੀ ਸਾਂਝੀ ਅਜ਼ਾਦੀ ਵਾਸਤੇ ਅਗਵਾਈ ਦੇਣ ਦੀ ਸਮਰੱਥਾ ਹੋਵੇਗੀ। ਅੰਤ ਵਿਚ ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਇਸ ਇਤਿਹਾਸਿਕ ਮੌਕੇ ਦੇਸ਼ ਵਿਦੇਸ਼ ਅੰਦਰ ਆਜ਼ਾਦੀਪਸੰਦ ਧਿਰਾਂ ਵਲੋਂ ਕੀਤੇ ਜਾ ਰਹੇ ਪ੍ਰੋਗਰਾਮ ਵਿਚ ਵੱਧ ਤੋਂ ਵੱਧ ਹਾਜ਼ਿਰੀ ਭਰ ਕੇ ਚਲ ਰਹੇ ਮੌਜੂਦਾ ਸੰਘਰਸ਼ ਨਾਲ ਸਹਿਮਤੀ ਪ੍ਰਗਟ ਕਰਦਿਆਂ ਆਪਣਾ ਯੋਗਦਾਨ ਪਾਇਆ ਜਾਏ।

# ਅਮਰੀਕਾ ਦੇ ਪੱਖ ਦੀ ਗੱਲ ਕਰ ਰਿਹਾ ਹੈ ਪਾਕਿਸਤਾਨ:ਇਰਾਨ

ਤਹਿਰਾਨ:-ਮਿਡਲ ਈਸਟ ਵਿੱਚ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਇਰਾਨ ਅਤੇ ਅਮਰੀਕਾ ਵਿਚਾਲੇ ਹੋ ਰਹੀ ਗੱਲਬਾਤ ਵਿੱਚ ਅਜੇ ਤੱਕ ਕੋਈ ਪੱਕਾ ਸਮਝੌਤਾ ਨਹੀਂ ਹੋ ਸਕਿਆ ਹੈ। ਇਸੇ ਦੌਰਾਨ ਇਰਾਨ ਦੇ ਇੱਕ ਆਗੂ ਨੇ ਪਾਕਿਸਤਾਨ ਦੀ ਭੂਮਿਕਾ ਉੱਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਰਾਨੀ ਸੰਸਦ ਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਕਮੇਟੀ ਦੇ ਬੁਲਾਰੇ ਇਬਰਾਹਿਮ ਰੇਜ਼ਈ ਨੇ ਕਿਹਾ ਹੈ ਕਿ ਪਾਕਿਸਤਾਨ ਸਾਡਾ ਦੋਸਤ ਜ਼ਰੂਰ ਹੈ ਪਰ ਉਹ ਇਸ ਗੱਲਬਾਤ ਵਿੱਚ ਇੱਕ ਸਹੀ ਵਿਚੋਲਾ ਨਹੀਂ ਬਣ ਸਕਦਾ।ਰੇਜ਼ਈ ਦਾ ਮੰਨਣਾ ਹੈ ਕਿ ਪਾਕਿਸਤਾਨ ਅਕਸਰ ਡੋਨਲਡ ਟਰੰਪ ਅਤੇ ਅਮਰੀਕਾ ਦੇ ਫ਼ਾਇਦਿਆਂ ਨੂੰ ਧਿਆਨ ਵਿੱਚ ਰੱਖਦਾ ਹੈ ਅਤੇ ਉਨ੍ਹਾਂ ਦੇ ਖ਼ਿਲਾਫ਼ ਕੁਝ ਵੀ ਨਹੀਂ ਬੋਲਦਾ, ਇਸ ਲਈ ਉਸ ਨੂੰ ਨਿਰਪੱਖ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਮੁਤਾਬਕ ਇੱਕ ਚੰਗਾ ਵਿਚੋਲਾ ਉਹੀ ਹੁੰਦਾ ਹੈ ਜੋ ਦੋਵਾਂ ਧਿਰਾਂ ਵਿਚਾਲੇ ਬਰਾਬਰੀ ਰੱਖੇ ਨਾ ਕਿ ਕਿਸੇ ਇੱਕ ਪਾਸੇ ਝੁਕਿਆ ਰਹੇ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਬਿਆਨ ਉਦੋਂ ਸਾਹਮਣੇ ਆਇਆ ਹੈ ਜਦੋਂ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਸਿਰਫ਼ 24 ਘੰਟਿਆਂ ਦੇ ਅੰਦਰ ਦੋ ਵਾਰ ਪਾਕਿਸਤਾਨ ਦਾ ਦੌਰਾ ਕੀਤਾ ਹੈ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

# ਸਾਲ 2025 ਵਿੱਚ ਭਾਰਤ ਦਾ ਫੌਜੀ ਖਰਚਾ 8.9 ਫੀਸਦੀ ਵਧ ਕੇ 92.1 ਅਰਬ ਡਾਲਰ ਤੱਕ ਪਹੁੰਚਿਆ

ਦਿੱਲੀ:-ਹਥਿਆਰਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਸਟਾਕਹੋਮ ਕੌਮਾਂਤਰੀ ਪੀਸ ਰਿਸਰਚ ਇੰਸਟੀਚਿਊਟ (ਐੱਸ ਆਈ ਪੀ ਆਰ ਆਈ) ਵੱਲੋਂ ਸੋਮਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ, ਸਾਲ 2025 ਵਿੱਚ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਧ ਫੌਜੀ ਖ਼ਰਚਾ ਕਰਨ ਵਾਲਾ ਦੇਸ਼ ਰਿਹਾ ਹੈ। ਭਾਰਤ ਨੇ ਆਪਣੇ ਫੌਜੀ ਬਜਟ ਵਿੱਚ 8.9 ਫੀਸਦੀ ਦਾ ਵਾਧਾ ਕੀਤਾ ਹੈ, ਜਿਸ ਨਾਲ ਹੁਣ ਇਹ ਕੁੱਲ ਖ਼ਰਚਾ 92.1 ਅਰਬ ਡਾਲਰ ਤੱਕ ਪਹੁੰਚ ਗਿਆ ਹੈ।ਐੱਸ ਆਈ ਪੀ ਆਰ ਆਈ ਵੱਲੋਂ ਅੱਜ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਮੁਤਾਬਕ, ਸਾਲ 2025 ਵਿੱਚ ਦੁਨੀਆ ਦਾ ਕੁੱਲ ਫੌਜੀ ਖ਼ਰਚਾ ਵਧ ਕੇ 2887 ਅਰਬ ਡਾਲਰ ਹੋ ਗਿਆ ਹੈ। ਇਹ ਲਗਾਤਾਰ 11ਵਾਂ ਸਾਲ ਹੈ ਜਦੋਂ ਫੌਜੀ ਖ਼ਰਚਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਰਿਪੋਰਟ ਅਨੁਸਾਰ, 2025 ਵਿੱਚ ਸਭ ਤੋਂ ਵੱਧ ਖ਼ਰਚਾ ਕਰਨ ਵਾਲੇ ਪੰਜ ਪ੍ਰਮੁੱਖ ਦੇਸ਼ ਅਮਰੀਕਾ, ਚੀਨ, ਰੂਸ, ਜਰਮਨੀ ਅਤੇ ਭਾਰਤ ਹਨ। ਇਹ ਪੰਜੇ ਦੇਸ਼ ਮਿਲ ਕੇ ਪੂਰੀ ਦੁਨੀਆ ਦੇ ਕੁੱਲ ਫੌਜੀ ਖ਼ਰਚੇ ਦਾ 58 ਫੀਸਦੀ ਹਿੱਸਾ (ਕੁੱਲ 1,686 ਅਰਬ ਡਾਲਰ) ਖ਼ਰਚ ਕਰਦੇ ਹਨ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
SARDAR JI CATERING
SARDAR JI CATERING
Website:www.sardarjicatering.com
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ



•ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
•ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
•ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
•ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
•LIVE FRESH ਕੁਕਿੰਗ •Excellent Food Presentation
•ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
•ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
•ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ
Special Catering Service for 100-125 persons
*No matter the Event *Count on us * Available for all occasions
ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ
For Catering Enquiries Contact: Off:206-517-4444, Cell:206-771-5079
6417 Roosevelt Way NE #105, Seattle WA 98115 Email:sardarjicatering@gmail.com




# 13ਵਾਂ ਸਾਲਾਨਾ ਨਗਰ ਕੀਰਤਨ (23 ਮਈ 2026)

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ। ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿੱਤ

### 23 ਮਈ ਦਿਨ ਸ਼ਨਿੱਚਰਵਾਰ ਸ਼ੋਵੇਅਰ ਸੈਂਟਰ ਵਿਖੇ






**@ Showare Centre 625 West James St, Kent, WA 98032**

YouTube LIVE STREAM & ਸਾਡਾ SADDA TV LIVE

ਢਾਡੀ ਜਥਾ
ਗਿਆਨੀ ਸੰਦੀਪ ਸਿੰਘ ਜੀ ਲੋਹਾਰਾ
ਐਲ. ਏ. ਵਾਲੇ



ਸ਼ੋਵੇਅਰ ਸੈਂਟਰ ਵਿਖੇ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਦੀਵਾਨ ਸਜੇਗਾ। ਦੁਪਹਿਰ 2 ਵਜੇ ਤੋਂ 5 ਵਜੇ ਤੱਕ ਨਗਰ ਕੀਰਤਨ ਨਿਕਲੇਗਾ ਜੀ, ਜਿਸ ਵਿੱਚ ਹਜੂਰੀ ਰਾਗੀ ਜਥੇ ਭਾਈ ਜਰਨੈਲ ਸਿੰਘ ਜੀ, ਭਾਈ ਵਰਿਆਮ ਸਿੰਘ ਜੀ, ਹੈਡ ਗ੍ਰੰਥੀ ਗਿ: ਦਰਸ਼ਨ ਸਿੰਘ ਜੀ ਅਤੇ ਢਾਡੀ ਜਥਾ ਸੰਦੀਪ ਸਿੰਘ ਜੀ ਲੋਹਾਰਾ ਵਿਸ਼ੇਸ਼ ਤੌਰ ਤੇ ਹਾਜਰੀ ਭਰਨਗੇ ਜੀ।

**ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਇਹਨਾਂ ਮਹਾਨ ਸਮਾਗਮਾਂ ਵਿੱਚ ਤਨ, ਮਨ, ਅਤੇ ਧਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**ਸ਼ੋਵੇਅਰ ਸੈਂਟਰ ਵਿਖੇ ਖਾਣ-ਪੀਣ ਦੇ ਸਟਾਲ ਲਗਾਏ ਜਾਣਗੇ ਜੀ।**

ਵਲੋਂ : ਪ੍ਰਬੰਧਕ ਸੇਵਾਦਾਰ ਗੁਰਦੁਆਰਾ ਸਿੰਘ ਸਭਾ ਵਾਸ਼ਿੰਗਟਨ, ਰੈਂਟਨ
5200 Talbot Road South, Renton (Seattle) Ph. No. 425 226 2277

# ਭਾਰਤ ਦੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਕੇ ਜਥਾ ਅਮਰੀਕਾ ਵਿਖੇ ਵਾਪਿਸ ਪੁਹੰਚਾ

## ਜਥੇ ਦਾ ਅਮਰੀਕਾ ਵਾਪਸ ਪਹੁੰਚਣ ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ



ਗੜ੍ਹਦੀਵਾਲਾ(ਮਹਿੰਦਰ ਮਲਹੋਤਰਾ)- ਜੋ ਜਥਾ ਅਮਰੀਕਾ ਅਤੇ ਕਨੇਡਾ ਤੋਂ ਸਰਦਾਰ ਦਵਿੰਦਰ ਸਿੰਘ ਸਹੋਤਾ ਤੇ ਸਰਦਾਰ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਧਾਰਮਿਕ ਸਥਾਨਾਂ, ਤਖਤ ਸ੍ਰੀ ਪਟਨਾ ਸਾਹਿਬ, ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਰਦੁਆਰਾ ਸ੍ਰੀ ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਗਰਨਾ ਸਾਹਿਬ, ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ, ਗੁਰਦੁਆਰਾ ਬਾਬਾ ਮੌਜ ਜੀ ਕੰਗਮਈ ਤੇ ਹੋਰ ਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਅਮਰੀਕਾ ਪਹੁੰਚਣ ਤੇ ਅਮਰੀਕਾ ਦੀ ਸੰਗਤ ਵੱਲੋਂ ਨਿਘਾ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲਿਆਂ ਵਿੱਚ ਕੇਵਲ ਸਿੰਘ ਦੁੱਲੇ, ਸ. ਮਨਿੰਦਰ ਸਿੰਘ ਬਾਹਗਾ, ਗੁਰਪਾਲ ਸਿੰਘ ਸ਼ੇਰਪੁਰੀ, ਕੁਲਵਿੰਦਰ ਸਿੰਘ, ਸ. ਸੁਖਬੀਰ ਸਿੰਘ ਬੀਹਲਾ, ਸ. ਬਲਕਾਰ ਸਿੰਘ ਫੌਜੀ, ਸ. ਸੁਰਜੀਤ ਸਿੰਘ ਹੀਰ, ਸ. ਜਸਵਿੰਦਰ ਸਿੰਘ ਢੀਂਡਸਾਂ, ਸ. ਗੁਰਦਿਆਲ ਸਿੰਘ ਤੇ ਹੋਰ ਸੰਗਤਾਂ ਸ਼ਾਮਿਲ ਸਨ। ਜਥੇ ਨੇ ਗੁਰਦੁਆਰਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਜੀ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਨਾਲ ਮੁਲਾਕਾਤ ਕੀਤੀ ਅਤੇ ਵਿਦੇਸ਼ੀ ਸੰਗਤਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਜਥੇ ਨੂੰ ਭਰੋਸਾ ਦਵਾਇਆ ਕਿ ਸੰਗਤਾਂ ਨੂੰ ਕੋਈ ਵੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਇੰਸਪੈਕਟਰ ਰਣਜੀਤ ਸਿੰਘ ਬਾਹਗਾ ਯੂਐਸਏ, ਜਥੇਦਾਰ ਅਜਮੇਰ ਸਿੰਘ ਬਾਘਾ ਪ੍ਰਧਾਨ, ਰਾਜਿੰਦਰ ਸਿੰਘ ਲਾਲੀ ਪ੍ਰਧਾਨ, ਗੁਰਮੁਖ ਸਿੰਘ ਪ੍ਰਧਾਨ, ਮੁੱਖ ਸੰਪਾਦਕ ਦੋਆਬਾ ਨਿਊਜ਼ ਲਾਈਵ ਮਹਿੰਦਰ ਕੁਮਾਰ ਮਲਹੋਤਰਾ, ਨਰਿੰਦਰ ਸਿੰਘ ਲਾਡੀ ਆਦਿ ਹਾਜ਼ਰ ਸਨ।

# ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦਾ ਫੈਸਲਾ

ਵਾਸ਼ਿੰਗਟਨ ਡੀ.ਸੀ- ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦੀ ਖ਼ਬਰ ਨੇ ਅਮਰੀਕਾ ਦੇ ਵਿਗਿਆਨਕ, ਸਿੱਖਿਅਕ ਅਤੇ ਰਾਜਨੀਤਿਕ ਮੰਡਲਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਬੋਰਡ ਅਮਰੀਕਾ ਦੀ ਵਿਗਿਆਨਕ ਨੀਤੀ ਬਣਾਉਣ, ਖੋਜ ਪ੍ਰੋਜੈਕਟਾਂ ਨੂੰ ਦਿਸ਼ਾ ਦੇਣ ਅਤੇ ਭਵਿੱਖ ਦੀ ਤਕਨਾਲੋਜੀਕ ਤਰੱਕੀ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਲਈ ਬੋਰਡ ਦੇ ਮੈਂਬਰਾਂ ਨੂੰ ਅਚਾਨਕ ਹਟਾਉਣ ਦੇ ਫੈਸਲੇ ਨੂੰ ਸਾਧਾਰਣ ਪ੍ਰਸ਼ਾਸਕੀ ਕਦਮ ਨਹੀਂ, ਸਗੋਂ ਵੱਡੇ ਨੀਤੀਗਤ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

ਨੈਸ਼ਨਲ ਸਾਇੰਸ ਬੋਰਡ ਇੱਕ ਸੁਤੰਤਰ ਸੰਸਥਾ ਹੈ, ਜੋ ਨੈਸ਼ਨਲ ਸਾਇੰਸ ਫਾਊਂਡੇਸ਼ਨ ਦੀ ਨਿਗਰਾਨੀ ਵੀ ਕਰਦੀ ਹੈ। ਇਹ ਬੋਰਡ ਦੇਸ਼ ਭਰ ਵਿਚ ਹੋ ਰਹੀਆਂ ਵਿਗਿਆਨਕ ਖੋਜਾਂ, ਯੂਨੀਵਰਸਿਟੀਆਂ ਨੂੰ ਮਿਲਣ ਵਾਲੇ ਗ੍ਰਾਂਟਾਂ, ਨਵੀਆਂ ਲੈਬੋਰਟਰੀਆਂ, ਇੰਜੀਨੀਅਰਿੰਗ ਪ੍ਰੋਜੈਕਟਾਂ ਅਤੇ ਵਿਦਿਆਰਥੀਆਂ ਲਈ ਸਾਇੰਸ ਸਿੱਖਿਆ ਦੇ ਮਾਪਦੰਡਾਂ ‘ਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਅਮਰੀਕਾ ਦੀਆਂ ਕਈ ਵੱਡੀਆਂ ਖੋਜ ਯੋਜਨਾਵਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ‘ਤੇ ਇਸ ਬੋਰਡ ਦੀ ਸਿਫਾਰਸ਼ਾਂ ਨਾਲ ਮਦਦ ਮਿਲਦੀ ਰਹੀ ਹੈ।

ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਵਿਗਿਆਨਕ ਸੰਸਥਾਵਾਂ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਚਾਹੀਦਾ ਹੈ। ਉਹ ਮੰਨਦੇ ਹਨ ਕਿ ਜੇਕਰ ਵਿਗਿਆਨਕ ਬੋਰਡਾਂ ਵਿਚ ਸਿਰਫ ਰਾਜਨੀਤਿਕ ਨਿਯੁਕਤੀਆਂ ਹੋਣਗੀਆਂ, ਤਾਂ ਖੋਜ ਦੀ ਸੁਤੰਤਰਤਾ, ਡਾਟਾ ਦੀ ਨਿਰਪੱਖਤਾ ਅਤੇ ਲੰਬੇ ਸਮੇਂ ਦੀ ਯੋਜਨਾ ਪ੍ਰਭਾਵਿਤ ਹੋ ਸਕਦੀ ਹੈ। ਕਈ ਸਾਬਕਾ ਅਧਿਕਾਰੀਆਂ ਅਤੇ ਸਿੱਖਿਆ ਮਾਹਿਰਾਂ ਨੇ ਚਿੰਤਾ ਜਤਾਈ ਹੈ ਕਿ ਇਸ ਨਾਲ ਵਿਗਿਆਨਕ ਫੈਸਲਿਆਂ ‘ਤੇ ਰਾਜਨੀਤਿਕ ਦਬਾਅ ਵਧ ਸਕਦਾ ਹੈ।

ਇਸ ਫੈਸਲੇ ਦਾ ਅਸਰ ਕਈ ਖੇਤਰਾਂ ‘ਤੇ ਪੈ ਸਕਦਾ ਹੈ। ਅਮਰੀਕਾ ਵਿਚ ਆਰਟੀਫੀਸ਼ਲ ਇੰਟੈਲੀਜੈਂਸ, ਸਿਹਤ ਖੋਜ, ਕਲਾਈਮਟ ਸਾਇੰਸ, ਸਪੇਸ ਰਿਸਰਚ, ਡਿਫੈਂਸ ਟੈਕਨਾਲੋਜੀ ਅਤੇ ਸਾਇਬਰ ਸੁਰੱਖਿਆ ਵਰਗੇ ਖੇਤਰਾਂ ਵਿਚ ਵੱਡੇ ਪੱਧਰ ‘ਤੇ ਸਰਕਾਰੀ ਫੰਡਿੰਗ ਹੁੰਦੀ ਹੈ। ਜੇਕਰ ਨਵਾਂ ਬੋਰਡ ਨਵੀਆਂ ਤਰਜੀਹਾਂ ਲਿਆਉਂਦਾ ਹੈ, ਤਾਂ ਫੰਡਿੰਗ ਦੇ ਰੁਖ ਵਿਚ ਵੀ ਬਦਲਾਅ ਆ ਸਕਦਾ ਹੈ।

# ਧਾਰਮਿਕ ਸਥਾਨਾਂ ਵੱਲ ਜਾਣ ਵਾਲਿਆਂ ਨੂੰ ਰੋਕਣਾ ਹੋਵੇਗਾ ਵੱਡਾ ਗੁਨਾਹ:ਅਮਰੀਕਾ ਵਿਚ ਧਾਰਮਿਕ ਸਥਾਨਾਂ ਦੁਆਲੇ 100 ਫੁੱਟ ਦੇ ਇਲਾਕਾ ਹੋਵੇਗਾ ਬਫ਼ਰ ਜ਼ੋਨ

ਵਾਸ਼ਿੰਗਟਨ : ਅਮਰੀਕਾ ਵਿਚ ਧਾਰਮਿਕ ਸਥਾਨਾਂ ਦੁਆਲੇ 100 ਫੁੱਟ ਦੇ ਇਲਾਕੇ ਨੂੰ ਬਫ਼ਰ ਜ਼ੋਨ ਐਲਾਨਿਆ ਜਾ ਰਿਹਾ ਹੈ ਕਿ ਅਤੇ ਗੁਰਦਵਾਰੇ ਜਾਂ ਮੰਦਰ ਜਾਣ ਵਾਲਿਆਂ ਦੇ ਰਾਹ ਵਿਚ ਅੜਿੱਕੇ ਪੈਦਾ ਕਰਨ ਵਾਲੇ ਜੇਲ ਵਿਚ ਸੁੱਟੇ ਜਾਣਗੇ। ਨਿਊ ਯਾਰਕ ਤੋਂ ਡੈਮੋਕ੍ਰੈਟਿਕ ਪਾਰਟੀ ਦੇ ਸੰਸਦ ਮੈਂਬਰ ਟੌਮ ਸਵੌਜ਼ੀ ਅਤੇ ਓਹਾਇਓ ਤੋਂ ਰਿਪਬਲਿਕਨ ਪਾਰਟੀ ਦੇ ਮੈਕਸ ਮਿਲਰ ਵੱਲੋਂ ਸੇਕਰਡ ਐਕਟ ਲਿਆਂਦਾ ਗਿਆ ਹੈ ਜਿਸ ਰਾਹੀਂ ਇਬਾਦਤਗਾਹਾਂ ਵੱਲ ਜਾਣ ਵਾਲਿਆਂ ਨੂੰ ਜਾਣ-ਬੁੱਝ ਕੇ ਧਮਕਾਉਣ ਵਾਲੇ ਜਾਂ ਤੰਗ-ਪ੍ਰੇਸ਼ਾਨ ਕਰਨ ਵਾਲੇ ਫ਼ੈਡਰਲ ਅਪਰਾਧ ਦੇ ਘੇਰੇ ਵਿਚ ਆਉਣਗੇ।

ਇਸ ਐਕਟ ਦੀ ਵੱਖ ਵੱਖ ਧਾਰਮਿਕ ਜਥੇਬੰਦੀਆਂ ਵੱਲੋਂ ਡਟਵੀਂ ਹਮਾਇਤ ਕੀਤੀ ਗਈ ਹੈ ਜਿਨ੍ਹਾਂ ਵਿਚ ਯੂਨਾਈਟਡ ਸਿੱਖਸ, ਹਿੰਦੂ ਅਮੈਰਿਕਨ ਫ਼ਾਊਂਡੇਸ਼ਨ, ਅਮੈਰਿਕਨ ਜਿਊਇਸ਼ ਕਮੇਟੀ ਅਤੇ ਇਸਲਾਮਿਕ ਸੋਸਾਇਟੀ ਆਫ਼ ਨੌਰਥ ਅਮੈਰਿਕਾ ਦੇ ਨਾਂ ਪ੍ਰਮੁੱਖ ਤੌਰ ’ਤੇ ਲਏ ਜਾ ਸਕਦੇ ਹਨ।ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੇ ਮੈਂਬਰ ਟੌਮ ਸਵੌਜ਼ੀ ਨੇ ਕਿਹਾ ਕਿ ਆਪਣੇ ਧਾਰਮਿਕ ਸਥਾਨ ਵੱਲ ਜਾਂਦਿਆਂ ਕਿਸੇ ਦੇ ਮਨ ਵਿਚ ਡਰ ਜਾਂ ਖ਼ੌਫ ਨਹੀਂ ਹੋਣਾ ਚਾਹੀਦਾ। ਅਜੋਕੀ ਦੁਨੀਆਂ ਵਿਚ ਸੋਸ਼ਲ ਮੀਡੀਆ ਰਾਹੀਂ ਵੰਡੀਆਂ ਦੀ ਅੱਗ ਫੈਲਾਉਣ ਦੇ ਯਤਨ ਕੀਤੇ ਜਾਂਦੇ ਹਨ।

ਪਿਛਲੇ ਕੁਝ ਵਰ੍ਹਿਆਂ ਦੌਰਾਨ ਨਿਊ ਯਾਰਕ ਦੇ ਲੋਕ ਇਸ ਬਾਰੇ ਸ਼ਿਕਾਇਤ ਕਰ ਰਹੇ ਸਨ, ਖ਼ਾਸ ਤੌਰ ’ਤੇ ਉਹ ਆਪਣੇ ਪਹਿਰਾਵੇ ਕਰ ਕੇ ਹੋਰਨਾਂ ਤੋਂ ਬਿਲਕੁਲ ਵੱਖਰੇ ਨਜ਼ਰ ਆਉਂਦੇ ਹਨ। ਉਧਰ, ਮੈਕਸ ਮਿਲਰ ਨੇ ਕਿਹਾ ਕਿ ਡਰ ਦਾ ਖ਼ਾਤਮਾ ਸੋਚੇ ਸਮਝੇ ਤਰੀਕੇ ਨਾਲ ਕਰਨ ਦੀ ਜ਼ਿੰਮੇਵਾਰੀ ਸਾਡੇ ਉਤੇ ਬਣਦੀ ਹੈ ਅਤੇ ਅਮਰੀਕਾ ਵਿਚ ਵਸਦਾ ਹਰ ਸ਼ਖ਼ਸ ਆਪਣੀ ਮਰਜ਼ੀ ਮੁਤਾਬਕ ਧਾਰਮਿਕ ਮਰਿਆਦਾ ਦੀ ਪਾਲਣਾ ਕਰਨ ਵਾਸਤੇ ਆਜ਼ਾਦ ਹੈ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਗੁਰੂ ਨਾਨਕ ਗੁਰਸਿੱਖ ਗੁਰਦੁਆਰਾ ਲਿੰਡਨ ਵਿਖੇ ਮਨਾਏ ਗਏ ਖਾਲਸਾ ਸਾਜਨਾ ਦਿਵਸ ਦੀਆਂ ਝਲਕੀਆਂ



## ਈਰਾਨ ਵੱਲੋਂ 'ਹੋਰਮੁਜ਼ ਜਲਡਮਰੂ' ਮੁੜ ਖੋਲ੍ਹਣ ਦੀ ਪੇਸ਼ਕਸ਼

ਵਾਸ਼ਿੰਗਟਨ-ਈਰਾਨ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡੀ ਪਹਿਲਕਦਮੀ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਈਰਾਨ ਨੇ ਅਮਰੀਕਾ ਨੂੰ ਇੱਕ ਨਵਾਂ ਪ੍ਰਸਤਾਵ ਭੇਜਿਆ ਹੈ, ਜਿਸ ਵਿਚ ਜੰਗ ਨੂੰ ਖ਼ਤਮ ਕਰਨ ਅਤੇ ਰਣਨੀਤਕ ਤੌਰ 'ਤੇ ਅਹਿਮ 'ਹੋਰਮੁਜ਼ ਜਲਡਮਰੂ' ਨੂੰ ਮੁੜ ਖੋਲ੍ਹਣ ਦੀ ਪੇਸ਼ਕਸ਼ ਕੀਤੀ ਗਈ ਹੈ। ਰਿਪੋਰਟਾਂ ਮੁਤਾਬਕ ਈਰਾਨ ਨੇ ਇਹ ਪ੍ਰਸਤਾਵ ਸਿੱਧਾ ਅਮਰੀਕਾ ਨੂੰ ਦੇਣ ਦੀ ਬਜਾਏ ਪਾਕਿਸਤਾਨੀ ਵਿਚੋਲਿਆਂ ਦਾ ਸਹਾਰਾ ਲਿਆ ਹੈ। ਐਕਸੀਓਸ ਵੱਲੋਂ ਐਤਵਾਰ ਨੂੰ ਦਿੱਤੀ ਗਈ ਰਿਪੋਰਟ ਵਿਚ ਇੱਕ ਅਮਰੀਕੀ ਅਧਿਕਾਰੀ ਅਤੇ ਮਾਮਲੇ ਨਾਲ ਜੁੜੇ ਸੂਤਰਾਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਹੈ। ਇਸ ਪ੍ਰਸਤਾਵ ਦਾ ਇੱਕ ਅਹਿਮ ਪਹਿਲੂ ਇਹ ਹੈ ਕਿ ਈਰਾਨ ਨੇ ਪ੍ਰਮਾਣੂ ਗੱਲਬਾਤ ਨੂੰ ਫਿਲਹਾਲ ਬਾਅਦ ਦੇ ਪੜਾਅ ਲਈ ਟਾਲਣ ਦਾ ਸੁਝਾਅ ਦਿੱਤਾ ਹੈ। ਈਰਾਨ ਦਾ ਮੌਜੂਦਾ ਧਿਆਨ ਤੁਰੰਤ ਜੰਗਬੰਦੀ ਅਤੇ ਸਮੁੰਦਰੀ ਰਸਤੇ ਨੂੰ ਖੋਲ੍ਹਣ 'ਤੇ ਕੇਂਦਰਿਤ ਨਜ਼ਰ ਆ ਰਿਹਾ ਹੈ। ਦੱਸਣਯੋਗ ਹੈ ਕਿ ਹੋਰਮੁਜ਼ ਜਲਡਮਰੂ ਵਿਸ਼ਵ ਪੱਧਰ 'ਤੇ ਵਪਾਰ ਅਤੇ ਤੇਲ ਦੀ ਸਪਲਾਈ ਲਈ ਬਹੁਤ ਮਹੱਤਵਪੂਰਨ ਹੈ। ਈਰਾਨ ਦੀ ਇਸ ਪੇਸ਼ਕਸ਼ ਨਾਲ ਖੇਤਰ ਵਿਚ ਤਣਾਅ ਘਟਣ ਦੀ ਉਮੀਦ ਜਗੀ ਹੈ। ਫਿਲਹਾਲ ਅਮਰੀਕਾ ਵੱਲੋਂ ਇਸ ਪ੍ਰਸਤਾਵ 'ਤੇ ਕਿਸੇ ਅਧਿਕਾਰਤ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ।

## ਪਰਿਵਾਰ ਅਧਾਰਿਤ ਗ੍ਰੀਨ ਕਾਰਡ ਮਨਜ਼ੂਰੀਆਂ ਜੁਲਾਈ 2025 ਤੋਂ ਜਨਵਰੀ 2026 ਦਰਮਿਆਨ ਲਗਭਗ 54 ਫੀਸਦੀ ਘਟੀਆਂ

ਵਾਸ਼ਿੰਗਟਨ- ਟਰੰਪ ਪ੍ਰਸ਼ਾਸਨ ਦੌਰਾਨ ਗ੍ਰੀਨ ਕਾਰਡ ਮਨਜ਼ੂਰੀਆਂ ਵਿਚ ਵੱਡੀ ਕਟੌਤੀ ਆਉਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਇੱਕ ਨਵੀਂ ਵਿਸ਼ਲੇਸ਼ਣ ਅਨੁਸਾਰ ਪਰਿਵਾਰ ਆਧਾਰਿਤ ਗ੍ਰੀਨ ਕਾਰਡ ਮਨਜ਼ੂਰੀਆਂ ਜੁਲਾਈ 2025 ਤੋਂ ਜਨਵਰੀ 2026 ਦਰਮਿਆਨ ਲਗਭਗ 54 ਫੀਸਦੀ ਘੱਟ ਹੋ ਗਈਆਂ ਹਨ, ਜਦਕਿ ਕੁੱਲ ਗ੍ਰੀਨ ਕਾਰਡ ਅਪਰੂਵਲਜ਼ ਵਿਚ ਵੀ ਤਕਰੀਬਨ ਅੱਧੀ ਕਮੀ ਦਰਜ ਕੀਤੀ ਗਈ ਹੈ। ਇਸ ਕਟੌਤੀ ਨਾਲ ਸਭ ਤੋਂ ਵੱਧ ਅਸਰ ਉਨ੍ਹਾਂ ਉਮੀਦਵਾਰਾਂ 'ਤੇ ਪੈ ਰਿਹਾ ਹੈ, ਜੋ ਪਹਿਲਾਂ ਹੀ ਅਮਰੀਕਾ ਅੰਦਰ ਰਹਿ ਕੇ ਆਪਣਾ ਸਟੇਟਸ ਬਦਲਣ ਲਈ ਅਰਜ਼ੀਆਂ ਦੇ ਰਹੇ ਹਨ। ਇਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀ, ਪਰਿਵਾਰਕ ਮੈਂਬਰ, ਸ਼ਰਨਾਰਥੀ ਅਤੇ ਕੁਝ ਮਨੁੱਖੀ ਅਧਿਕਾਰ ਸ਼੍ਰੇਣੀਆਂ ਵਾਲੇ ਅਰਜ਼ੀਕਾਰ ਸ਼ਾਮਲ ਹਨ। ਮਾਮਲਿਆਂ ਦੇ ਲੰਬੇ ਸਮੇਂ ਤੱਕ ਪੈਂਡਿੰਗ ਰਹਿਣ ਕਾਰਨ ਕਈ ਲੋਕਾਂ ਨੂੰ ਵਰਕ ਪਰਮਿਟ, ਟਰੈਵਲ ਡਾਕੂਮੈਂਟ ਅਤੇ ਕਾਨੂੰਨੀ ਸੁਰੱਖਿਆ ਵਿਚ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟਾਂ ਮੁਤਾਬਕ ਪ੍ਰਸ਼ਾਸਨ ਨੇ ਵਧੀਕ ਸਕ੍ਰੀਨਿੰਗ, ਇੰਟਰਵਿਊਜ਼ ਅਤੇ ਦੇਸ਼-ਵਿਸ਼ੇਸ਼ ਜਾਂਚਾਂ ਕਾਰਨ ਪ੍ਰੋਸੈਸਿੰਗ ਸੁਸਤ ਕੀਤੀ ਹੈ। ਕੁਝ ਕੇਸਾਂ ਵਿਚ ਵਧੇਰੇ ਦਸਤਾਵੇਜ਼ਾਂ ਦੀ ਮੰਗ ਅਤੇ ਬੈਕਗ੍ਰਾਊਂਡ ਜਾਂਚ ਵੀ ਸਮਾਂ ਲੈ ਰਹੀ ਹੈ। ਇਸ ਕਾਰਨ ਯੂ.ਐੱਸ.ਸੀ.ਆਈ.ਐੱਸ. ਦੀਆਂ ਫਾਈਲਾਂ ਦਾ ਬੈਕਲਾਗ ਹੋਰ ਵਧ ਗਿਆ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਪਹਿਲਾਂ ਹੀ ਲੱਗੀਆਂ ਹੋਈਆਂ ਹਨ, ਉਹ ਆਪਣੇ ਕੇਸ ਦੀ ਸਥਿਤੀ ਨਿਯਮਿਤ ਤੌਰ 'ਤੇ ਚੈੱਕ ਕਰਦੇ ਰਹਿਣ, ਪਤਾ ਅਪਡੇਟ ਰੱਖਣ, ਆਰ.ਐੱਫ.ਈ. ਆਉਣ 'ਤੇ ਤੁਰੰਤ ਜਵਾਬ ਦੇਣ ਅਤੇ ਕਿਸੇ ਵੀ ਸਟੇਟਸ ਸਮੱਸਿਆ ਲਈ ਤਜ਼ਰਬੇਕਾਰ ਵਕੀਲ ਨਾਲ ਸਲਾਹ ਕਰਨ। ਜੇ ਇਹ ਰੁਝਾਨ ਜਾਰੀ ਰਹਿੰਦਾ ਹੈ, ਤਾਂ 2026 ਦੌਰਾਨ ਗ੍ਰੀਨ ਕਾਰਡ ਉਡੀਕ ਸਮਾਂ ਹੋਰ ਵੱਧ ਸਕਦਾ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ।

## ਪਾਰਕਿੰਗ ਪਿੱਛੇ ਮਮੂਲੀ ਗੱਲ ਤੋਂ ਪੰਜਾਬੀਆਂ ਵਿੱਚ ਖੂਨੀ ਜੰਗ

ਨਿਊਯਾਰਕ:-ਨਿਊਯਾਰਕ ਦੇ ਰਿਚਮੰਡ ਹਿੱਲ ਇਲਾਕੇ ਦੀ 101ਵੀਂ ਸਟਰੀਟ 'ਤੇ ਵਾਪਰੀ ਇੱਕ ਘਟਨਾ ਨੇ ਪੰਜਾਬੀ ਭਾਈਚਾਰੇ ਨੂੰ ਸ਼ਰਮਸਾਰ ਕਰ ਦਿੱਤਾ ਹੈ, ਜਿੱਥੇ ਇੱਕ ਪਾਰਕਿੰਗ ਸਪੋਟ ਨੇ ਖੂਨੀ ਰੂਪ ਧਾਰਨ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਸੜਕ 'ਤੇ ਦੋ ਗੱਡੀਆਂ ਵਿੱਚ ਸਵਾਰ ਨੌਜਵਾਨਾਂ ਵਿਚਕਾਰ ਹਾਰਨ ਵਜਾਉਣ ਨੂੰ ਲੈ ਕੇ ਸ਼ੁਰੂ ਹੋਈ ਬਹਿਸ ਇੰਨੀ ਵਧ ਗਈ ਕਿ ਉਹ ਹਿੰਸਕ ਝਗੜੇ ਵਿੱਚ ਬਦਲ ਗਈ। ਚਾਰ ਪੰਜਾਬੀ ਨੌਜਵਾਨਾਂ ਨੇ ਗਲੀ ਦੇ ਵਿਚਕਾਰ ਹੀ ਇੱਕ ਦੂਜੇ 'ਤੇ ਡੰਡਿਆਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਇੱਕ ਨੌਜਵਾਨ ਦੇ ਸਿਰ ਵਿੱਚ ਗੰਭੀਰ ਸੱਟ ਲੱਗੀ ਅਤੇ ਉਹ ਖੂਨ ਨਾਲ ਲਥਪਥ ਹੋ ਗਿਆ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਚਾਰੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਪੂਰਾ ਮਾਮਲਾ ਹੁਣ ਉਨ੍ਹਾਂ ਦੇ ਭਵਿੱਖ ਲਈ ਇੱਕ ਵੱਡੀ ਮੁਸੀਬਤ ਬਣ ਗਿਆ ਹੈ, ਕਿਉਂਕਿ ਇਨ੍ਹਾਂ ਸਾਰਿਆਂ ਦੀ ਪਛਾਣ " ਰਫਿਊਜ਼ੀ ਸਟੇਟਸ " ਵਜੋਂ ਹੋਈ ਹੈ। ਇਸ ਘਟਨਾ ਤੋਂ ਬਾਅਦ ਹੁਣ ਉਨ੍ਹਾਂ ਨੂੰ ਸਥਾਈ ਤੌਰ 'ਤੇ ਦੇਸ਼ ਨਿਕਾਲਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special
Ask For Detail

WE ALSO DO : * NOTARY * VISA
* PASSPORT * TRANSLATION

PHONE : 253-852-1984, 253-852-1985

24 HOUR EMERGENCY SERVICE
206-370-9480

TOLL FREE :
1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St    Lynden, WA. 98264 (Bellingham)



2 ਮਈ ਦਿਨ ਸ਼ਨਿੱਚਰਵਾਰ ਗੁਰਦੀਪ ਸਿੰਘ ਦੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਹੋਣਗੇ

3 ਮਈ ਦਿਨ ਐਤਵਾਰ ਗੁਰੂਘਰ ਵਿਖੇ ਹਫਤਾਵਾਰੀ ਦੀਵਾਨ ਸਜਣਗੇ।

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਐੱਫ.ਬੀ.ਆਈ. ਮੁਖੀ ਕਾਸ਼ ਪਟੇਲ ਨੂੰ ਅਹੁਦੇ ਤੋਂ ਹਟਾਇਆ ਜਾ ਸਕਦੈ

ਵਾਸ਼ਿੰਗਟਨ- ਅਮਰੀਕਾ 'ਚ ਐੱਫ.ਬੀ.ਆਈ. ਮੁਖੀ ਕਾਸ਼ ਪਟੇਲ ਨੂੰ ਲੈ ਕੇ ਵਿਵਾਦ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਵ੍ਹਾਈਟ ਹਾਊਸ ਦੇ ਅੰਦਰ ਉਨ੍ਹਾਂ ਦੇ ਕੰਮਕਾਜ ਤੇ ਵਤੀਰੇ ਨੂੰ ਲੈ ਕੇ ਅਸੰਤੋਸ਼ ਵਧ ਰਿਹਾ ਹੈ ਅਤੇ ਕਿਸੇ ਵੀ ਸਮੇਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਕਈ ਅਧਿਕਾਰੀ ਪਟੇਲ ਨਾਲ ਜੁੜੀਆਂ ਨਕਾਰਾਤਮਕ ਖ਼ਬਰਾਂ ਤੋਂ ਪਰੇਸ਼ਾਨ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਸਰਕਾਰ ਦੀ ਤਸਵੀਰ ਖ਼ਰਾਬ ਹੋ ਰਹੀ ਹੈ।ਵਤੀਰਾ ਤੇ ਅਨੁਸ਼ਾਸਨ: ਉਨ੍ਹਾਂ 'ਤੇ ਬਹੁਤ ਜ਼ਿਆਦਾ ਸ਼ਰਾਬ ਪੀਣ ਅਤੇ ਦਫ਼ਤਰ ਵਿਚ ਸਹਿਕਰਮੀਆਂ ਨੂੰ ਅਸਹਿਜ ਮਹਿਸੂਸ ਕਰਵਾਉਣ ਦੇ ਦੋਸ਼ ਹਨ। ਉਹ ਕਈ ਅਹਿਮ ਮੀਟਿੰਗਾਂ ਵਿਚੋਂ ਗੈਰ-ਹਾਜ਼ਰ ਪਾਏ ਗਏ ਹਨ। ਇਕ ਘਟਨਾ ਦੌਰਾਨ ਜਦੋਂ ਉਨ੍ਹਾਂ ਦਾ ਕੰਪਿਊਟਰ ਸਿਸਟਮ ਲਾਕ ਹੋ ਗਿਆ, ਤਾਂ ਉਹ ਘਬਰਾ ਗਏ ਅਤੇ ਉਨ੍ਹਾਂ ਨੂੰ ਲੱਗਾ ਕਿ ਸ਼ਾਇਦ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।ਪਟੇਲ ਦਾ ਕਰੀਅਰ ਪਹਿਲਾਂ ਵੀ ਵਿਵਾਦਾਂ ਨਾਲ ਭਰਿਆ ਰਿਹਾ ਹੈ। ਉਨ੍ਹਾਂ ਨੇ 2018 ਵਿਚ ਇੱਕ ਅਜਿਹਾ ਮੈਮੋ ਤਿਆਰ ਕੀਤਾ ਸੀ, ਜਿਸ ਵਿਚ ਐੱਫ.ਬੀ.ਆਈ. 'ਤੇ ਸਿਆਸੀ ਪੱਖਪਾਤ ਦੇ ਦੋਸ਼ ਲਾਏ ਗਏ ਸਨ। ਇਸ ਤੋਂ ਇਲਾਵਾ, 2019 ਦੇ ਯੂਕਰੇਨ ਮਾਮਲੇ ਵਿਚ ਗੁਪਤ ਭੂਮਿਕਾ ਅਤੇ ਕੈਪੀਟਲ ਹਿੰਸਾ ਦੌਰਾਨ ਨੈਸ਼ਨਲ ਗਾਰਡ ਦੀ ਤਾਇਨਾਤੀ ਵਿਚ ਦੇਰੀ ਨੂੰ ਲੈ ਕੇ ਵੀ ਉਹ ਸਵਾਲਾਂ ਦੇ ਘੇਰੇ ਵਿਚ ਰਹੇ ਹਨ।ਉਨ੍ਹਾਂ ਨੇ ਖੁੱਲ੍ਹੇਆਮ ਟਰੰਪ ਦੇ ਵਿਰੋਧੀਆਂ ਅਤੇ ਪੱਤਰਕਾਰਾਂ ਵਿਰੁੱਧ ਕਾਰਵਾਈ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਹਨ।

# ਟਰੰਪ ਨੂੰ ਵੱਡਾ ਝਟਕਾ: ਫੈਡਰਲ ਅਦਾਲਤ ਵੱਲੋਂ ਅਸਾਇਲਮ ਪਾਬੰਦੀ ਗੈਰਕਾਨੂੰਨੀ ਕਰਾਰ

ਵਾਸ਼ਿੰਗਟਨ- ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਸਰਹੱਦ 'ਤੇ ਸ਼ਰਨ ਮੰਗਣ ਵਾਲਿਆਂ ਲਈ ਲਗਾਈ ਗਈ ਅਸਾਇਲਮ ਪਾਬੰਦੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਡਿਸਟ੍ਰਿਕਟ ਆਫ ਕੋਲੰਬੀਆ ਸਰਕਟ ਲਈ ਅਮਰੀਕੀ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਪੈਨਲ ਨੇ ਕਿਹਾ ਕਿ ਮੌਜੂਦਾ ਇਮੀਗ੍ਰੇਸ਼ਨ ਕਾਨੂੰਨਾਂ ਤਹਿਤ ਲੋਕਾਂ ਨੂੰ ਅਮਰੀਕੀ ਸਰਹੱਦ 'ਤੇ ਅਸਾਇਲਮ ਲਈ ਅਰਜ਼ੀ ਦੇਣ ਦਾ ਹੱਕ ਹੈ ਅਤੇ ਰਾਸ਼ਟਰਪਤੀ ਇਕੱਲੇ ਫੈਸਲੇ ਨਾਲ ਇਹ ਹੱਕ ਖਤਮ ਨਹੀਂ ਕਰ ਸਕਦੇ।ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕਾਂਗਰਸ ਨੇ ਕਦੇ ਵੀ ਕਾਰਜਕਾਰੀ ਸ਼ਾਖਾ ਨੂੰ ਇੰਨਾ ਵਿਸ਼ਾਲ ਅਧਿਕਾਰ ਨਹੀਂ ਦਿੱਤਾ ਕਿ ਉਹ ਮੌਜੂਦਾ ਕਾਨੂੰਨੀ ਪ੍ਰਕਿਰਿਆ ਨੂੰ ਰੱਦ ਕਰ ਦੇਵੇ। ਜੱਜਾਂ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਐਂਡ ਨੈਸ਼ਨੇਲਿਟੀ ਐਕਟ ਅਧੀਨ ਜਿਹੜੇ ਹੱਕ ਲੋਕਾਂ ਨੂੰ ਮਿਲੇ ਹੋਏ ਹਨ, ਉਨ੍ਹਾਂ ਨੂੰ ਪ੍ਰਸ਼ਾਸਨਿਕ ਹੁਕਮ ਨਾਲ ਨਹੀਂ ਹਟਾਇਆ ਜਾ ਸਕਦਾ।

# ਪੈਂਟਾਗਨ 'ਚ ਪੱਤਰਕਾਰਾਂ ਦੀ ਪਹੁੰਚ 'ਤੇ ਅਸਥਾਈ ਪਾਬੰਦੀ

ਵਾਸ਼ਿੰਗਟਨ- ਅਮਰੀਕਾ ਦੇ ਰੱਖਿਆ ਵਿਭਾਗ (ਡਿਪਾਰਟਮੈਂਟ ਆਫ ਡਿਫੈਂਸ) ਨੂੰ ਵੱਡੀ ਕਾਨੂੰਨੀ ਰਾਹਤ ਮਿਲੀ ਹੈ ਕਿਉਂਕਿ ਫੈਡਰਲ ਅਪੀਲ ਅਦਾਲਤ ਨੇ ਫਿਲਹਾਲ ਪੱਤਰਕਾਰਾਂ ਲਈ ਪੈਂਟਾਗਨ ਵਿਚ ਬਿਨਾਂ ਐਸਕਾਰਟ ਘੁੰਮਣ 'ਤੇ ਪਾਬੰਦੀ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਹੈ।ਤਿੰਨ ਜੱਜਾਂ ਦੀ ਬੈਂਚ ਨੇ ਸੋਮਵਾਰ ਨੂੰ 2-1 ਦੇ ਫੈਸਲੇ ਨਾਲ ਰੱਖਿਆ ਵਿਭਾਗ ਦੀ ਉਸ ਅਰਜ਼ੀ ਨੂੰ ਮਨਜ਼ੂਰ ਕਰ ਲਿਆ, ਜਿਸ ਵਿਚ ਹੇਠਲੀ ਅਦਾਲਤ ਦੇ ਹੁਕਮ ਦੇ ਇੱਕ ਹਿੱਸੇ ਨੂੰ ਰੋਕਣ ਦੀ ਮੰਗ ਕੀਤੀ ਗਈ ਸੀ। ਇਸ ਨਾਲ ਹੁਣ ਲਈ ਪੱਤਰਕਾਰਾਂ ਨੂੰ ਪੈਂਟਾਗਨ ਵਿਚ ਦਾਖਲ ਹੋਣ ਸਮੇਂ ਐਸਕਾਰਟ ਨਾਲ ਹੀ ਜਾਣਾ ਪਵੇਗਾ।ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਸੀ, ਜਦੋਂ 'ਨਿਊਯਾਰਕ ਟਾਈਮਜ਼' ਨੇ ਰੱਖਿਆ ਵਿਭਾਗ ਦੀ ਨਵੀਂ ਪਾਲਿਸੀ ਨੂੰ ਚੁਣੌਤੀ ਦਿੰਦਿਆਂ ਮਾਰਚ ਮਹੀਨੇ ਵਿਚ ਕੇਸ ਕੀਤਾ ਸੀ। ਉਸ ਵੇਲੇ ਡਿਸਟ੍ਰਿਕਟ ਜੱਜ ਪਾਲ ਫ੍ਰਾਈਡਮੈਨ ਨੇ ਇਸ ਪਾਲਿਸੀ ਦੇ ਖਿਲਾਫ ਫੈਸਲਾ ਦਿੱਤਾ ਸੀ।ਸਤੰਬਰ 2025 ਵਿਚ ਲਾਗੂ ਕੀਤੇ ਗਏ ਨਿਯਮਾਂ ਮੁਤਾਬਕ, ਪੱਤਰਕਾਰਾਂ ਨੂੰ ਇੱਕ ਦਸਤਾਵੇਜ਼ 'ਤੇ ਦਸਤਖਤ ਕਰਨੇ ਪੈਂਦੇ ਸਨ, ਜਿਸ ਵਿਚ ਇਹ ਚੇਤਾਵਨੀ ਹੁੰਦੀ ਸੀ ਕਿ ਜੇ ਉਹ "ਸੁਰੱਖਿਆ ਖਤਰਾ" ਮੰਨੇ ਗਏ, ਤਾਂ ਉਨ੍ਹਾਂ ਦੀ ਪਹੁੰਚ ਰੱਦ ਕੀਤੀ ਜਾ ਸਕਦੀ ਹੈ — ਭਾਵੇਂ ਜਾਣਕਾਰੀ ਗੁਪਤ ਨਾ ਵੀ ਹੋਵੇ ਪਰ ਸੰਵੇਦਨਸ਼ੀਲ ਹੋ ਸਕਦੀ ਹੈ।ਅਪੀਲ ਅਦਾਲਤ ਨੇ ਕਿਹਾ ਕਿ ਪੈਂਟਾਗਨ ਨੇ ਇਹ ਦਰਸਾਇਆ ਹੈ ਕਿ ਬਿਨਾਂ ਐਸਕਾਰਟ ਪਹੁੰਚ ਅਤੇ ਸੰਵੇਦਨਸ਼ੀਲ ਜਾਂ ਗੁਪਤ ਜਾਣਕਾਰੀ ਦੇ ਲੀਕ ਹੋਣ ਵਿਚ ਸੰਬੰਧ ਮਿਲਿਆ ਹੈ। ਇਸ ਲਈ ਇਹ ਨੀਤੀ ਰਾਸ਼ਟਰੀ ਸੁਰੱਖਿਆ ਦੇ ਹਿਤਾਂ ਨੂੰ ਮਜ਼ਬੂਤ ਕਰਦੀ ਹੈ।

# ਭਾਰਤੀ ਨਾਗਰਿਕ ਨੂੰ ਕਰੋੜਾਂ ਡਾਲਰ ਦੀ ਧੋਖਾਧੜੀ ਲਈ ਕੈਦ ਦੀ ਸਜ਼ਾ ਸੁਣਾਈ

ਵਾਸ਼ਿੰਗਟਨ- ਇੱਕ ਭਾਰਤੀ ਨਾਗਰਿਕ ਨੂੰ ਟੈਲੀਫੋਨ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ 41 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸੰਘੀ ਵਕੀਲਾਂ ਨੇ ਇਹ ਜਾਣਕਾਰੀ ਸਾਂਝੀ ਕੀਤੀ।35 ਸਾਲਾ ਧਨੰਜਯ ਸਿੰਘ ਨੂੰ ਅਮਰੀਕੀ ਜ਼ਿਲ੍ਹਾ ਜੱਜ ਮੈਡਲੀਨ ਕੌਕਸ ਅਰਲੀਓ ਦੇ ਸਾਹਮਣੇ ਮੇਲ ਧੋਖਾਧੜੀ ਕਰਨ ਦੀ ਸਾਜ਼ਿਸ਼ ਅਤੇ ਚੋਰੀ ਹੋਈ ਜਾਇਦਾਦ ਨੂੰ ਅੰਤਰਰਾਜੀ ਤਬਦੀਲ ਕਰਨ ਦੀ ਸਾਜ਼ਿਸ਼ ਦੇ ਇੱਕ-ਇੱਕ ਦੋਸ਼ ਵਿਚ ਦੋਸ਼ੀ ਮੰਨਿਆ।ਅਦਾਲਤੀ ਦਸਤਾਵੇਜ਼ਾਂ ਅਤੇ ਅਦਾਲਤ ਵਿਚ ਦਿੱਤੇ ਗਏ ਬਿਆਨਾਂ ਅਨੁਸਾਰ, ਧਨੰਜਯ ਸਿੰਘ ਜੂਨ 2013 ਤੋਂ ਜੂਨ 2019 ਤੱਕ ਇਸ ਯੋਜਨਾ ਵਿਚ ਸ਼ਾਮਲ ਸੀ। ਉਸਨੇ ਅਤੇ ਉਸਦੇ ਸਾਥੀਆਂ ਨੇ ਗੁੰਮ ਹੋਏ, ਚੋਰੀ ਹੋਏ ਜਾਂ ਖਰਾਬ ਹੋਏ ਸੈਲੂਲਰ ਡਿਵਾਈਸਾਂ ਲਈ ਧੋਖਾਧੜੀ ਵਾਲੇ ਦਾਅਵੇ ਪੇਸ਼ ਕਰਨ ਲਈ ਚੋਰੀ ਕੀਤੇ ਅਤੇ ਜਾਅਲੀ ਪਛਾਣਾਂ ਦੀ ਵਰਤੋਂ ਕੀਤੀ। ਇਹ ਦਾਅਵੇ ਯੂ.ਐੱਸ. ਡਾਕ ਸੇਵਾ ਅਤੇ ਹੋਰ ਤੀਜੀ-ਧਿਰ ਕੈਰੀਅਰਾਂ ਰਾਹੀਂ ਬਦਲਵੇਂ ਡਿਵਾਈਸਾਂ ਪ੍ਰਾਪਤ ਕਰਨ ਲਈ ਭੇਜੇ ਗਏ ਸਨ।ਵਕੀਲਾਂ ਨੇ ਕਿਹਾ ਕਿ ਸਮੂਹ ਨੇ ਨਿਊਜਰਸੀ ਸਮੇਤ ਪੂਰੇ ਸੰਯੁਕਤ ਰਾਜ ਵਿਚ ਮੇਲਬਾਕਸਾਂ ਅਤੇ ਸਟੋਰੇਜ ਯੂਨਿਟਾਂ ਦਾ ਇੱਕ ਨੈੱਟਵਰਕ ਬਣਾਈ ਰੱਖਿਆ। ਬਦਲਵੇਂ ਡਿਵਾਈਸਾਂ ਨੂੰ ਇਨ੍ਹਾਂ ਸਥਾਨਾਂ 'ਤੇ ਭੇਜਿਆ ਗਿਆ, ਸਟੋਰ ਕੀਤਾ ਗਿਆ ਅਤੇ ਬਾਅਦ ਵਿਚ ਸੰਯੁਕਤ ਰਾਜ ਤੋਂ ਬਾਹਰ ਤੀਜੀਆਂ ਧਿਰਾਂ ਨੂੰ ਵੇਚ ਦਿੱਤਾ ਗਿਆ। ਇਸ ਘੁਟਾਲੇ ਦੇ ਨਤੀਜੇ ਵਜੋਂ ਸੈਲੂਲਰ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ।ਜੇਲ੍ਹ ਦੀ ਸਜ਼ਾ ਤੋਂ ਇਲਾਵਾ, ਜੱਜ ਅਰਲੀਓ ਨੇ ਸਿੰਘ ਨੂੰ ਤਿੰਨ ਸਾਲ ਦੀ ਨਿਗਰਾਨੀ ਅਧੀਨ ਰਿਹਾਈ ਦੀ ਸਜ਼ਾ ਸੁਣਾਈ ਅਤੇ ਉਸਨੂੰ 10 ਮਿਲੀਅਨ ਡਾਲਰ ਤੋਂ ਵੱਧ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ।ਯੂ.ਐੱਸ. ਅਟਾਰਨੀ ਰੌਬਰਟ ਫਰੇਜ਼ੀਅਰ ਨੇ ਕਿਹਾ ਕਿ ਕਈ ਏਜੰਸੀਆਂ ਨੇ ਜਾਂਚ ਵਿਚ ਯੋਗਦਾਨ ਪਾਇਆ। ਇਨ੍ਹਾਂ ਵਿਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਯੂ.ਐੱਸ. ਡਾਕ ਨਿਰੀਖਣ ਸੇਵਾ, ਹੋਮਲੈਂਡ ਸੁਰੱਖਿਆ ਜਾਂਚ, ਯੂ.ਐੱਸ. ਕਸਟਮਜ਼ ਅਤੇ ਸਰਹੱਦੀ ਸੁਰੱਖਿਆ ਅਤੇ ਵਿਦੇਸ਼ ਵਿਭਾਗ ਦੀ ਡਿਪਲੋਮੈਟਿਕ ਸੁਰੱਖਿਆ ਸੇਵਾ ਸ਼ਾਮਲ ਹੈ।

# ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਏ ਲੱਖਾਂ ਪ੍ਰਵਾਸੀਆਂ ਨੂੰ ਵੱਡੀ ਰਾਹਤ

ਵਾਸ਼ਿੰਗਟਨ- ਅਮਰੀਕਾ ਵਿਚ ਇੰਮੀਗ੍ਰੇਸ਼ਨ ਮਾਮਲੇ 'ਚ ਟਰੰਪ ਸਰਕਾਰ ਨੂੰ ਵੱਡਾ ਝਟਕਾ ਲੱਗਿਆ ਹੈ। ਅਪੀਲ ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖਲ ਹੋਏ ਪ੍ਰਵਾਸੀਆਂ ਨੂੰ ਬਿਨਾਂ ਉਨ੍ਹਾਂ ਦਾ ਪੱਖ ਸੁਣੇ ਡਿਪੋਰਟ ਨਹੀਂ ਕੀਤਾ ਜਾ ਸਕਦਾ।ਅਦਾਲਤ ਨੇ ਸਪੱਸ਼ਟ ਕੀਤਾ ਕਿ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਰਾਹੀਂ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਜਾਂ ਕਿਸੇ ਹੋਰ ਕਾਨੂੰਨੀ ਸੁਰੱਖਿਆ ਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਮੌਜੂਦਾ ਇੰਮੀਗ੍ਰੇਸ਼ਨ ਕਾਨੂੰਨ ਸਰਕਾਰ ਨੂੰ ਨਵੀਂ ਪ੍ਰਕਿਰਿਆ ਰਾਹੀਂ ਤੁਰੰਤ ਡਿਪੋਰਟ ਕਰਨ ਦੀ ਆਗਿਆ ਨਹੀਂ ਦਿੰਦਾ ਅਤੇ ਨਾ ਹੀ ਪ੍ਰਵਾਸੀਆਂ ਨੂੰ ਪਨਾਹ ਮੰਗਣ ਤੋਂ ਰੋਕਿਆ ਜਾ ਸਕਦਾ ਹੈ।ਤਿੰਨ ਜੱਜਾਂ ਦੇ ਬੈਂਚ ਵਿਚੋਂ ਦੋ ਜੱਜਾਂ ਨੇ ਪ੍ਰਵਾਸੀਆਂ ਦੇ ਹੱਕ ਵਿਚ ਫ਼ੈਸਲਾ ਦਿੱਤਾ, ਜਦਕਿ ਇਕ ਜੱਜ ਨੇ ਅਸਹਿਮਤੀ ਜਤਾਈ। ਜਸਟਿਸ ਜੇ. ਮਿਸ਼ੇਲ ਚਾਇਲਡਜ਼ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇੰਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਐਕਟ ਸਪੱਸ਼ਟ ਹੈ ਅਤੇ ਰਾਸ਼ਟਰਪਤੀ ਦੇ ਹੁਕਮਾਂ ਰਾਹੀਂ ਇਸ ਨੂੰ ਬਦਲਿਆ ਨਹੀਂ ਜਾ ਸਕਦਾ।ਇਸ ਨੀਤੀ ਨੂੰ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵੱਲੋਂ ਚੁਣੌਤੀ ਦਿੱਤੀ ਗਈ ਸੀ। ਫ਼ੈਸਲੇ ਤੋਂ ਬਾਅਦ ਸੰਸਥਾ ਦੇ ਵਕੀਲ ਨੇ ਕਿਹਾ ਕਿ ਇਸ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬਚ ਸਕਦੀਆਂ ਹਨ, ਕਿਉਂਕਿ ਪਹਿਲਾਂ ਪ੍ਰਵਾਸੀਆਂ ਨੂੰ ਪਨਾਹ ਦੀ ਅਰਜ਼ੀ ਦੇਣ ਦਾ ਮੌਕਾ ਨਹੀਂ ਮਿਲਦਾ ਸੀ ਅਤੇ ਸਿੱਧੇ ਹੀ ਡਿਪੋਰਟ ਕਰ ਦਿੱਤਾ ਜਾਂਦਾ ਸੀ।ਦੂਜੇ ਪਾਸੇ, ਟਰੰਪ ਸਰਕਾਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਸਕਦੀ ਹੈ। ਟਰੰਪ ਨੇ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿਚ ਹੀ ਅਸਾਇਲਮ ਦਾਅਵਿਆਂ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਦੇਸ਼ ਦੀ ਸੁਰੱਖਿਆ ਲਈ ਗੈਰਕਾਨੂੰਨੀ ਦਾਖਲਾ ਰੋਕਣਾ ਜ਼ਰੂਰੀ ਹੈ।ਇਸ ਦੇ ਤਹਿਤ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਬਾਰਡਰ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ, ਜਿਸ ਨਾਲ ਸਰਹੱਦ 'ਤੇ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਦਾ ਹੱਕ ਨਹੀਂ ਦਿੱਤਾ ਜਾ ਰਿਹਾ ਸੀ।ਸੁਣਵਾਈ ਦੌਰਾਨ ਸਰਕਾਰ ਨੇ ਕਿਹਾ ਕਿ ਰਾਸ਼ਟਰਪਤੀ ਕੋਲ ਇਹ ਅਧਿਕਾਰ ਹਨ, ਪਰ ਅਦਾਲਤ ਨੇ ਇਸ ਗੱਲ ਨੂੰ ਨਹੀਂ ਮਨਿਆ ਅਤੇ ਕਿਹਾ ਕਿ ਅਸਾਇਲਮ ਦੇ ਨਿਯਮ ਕਾਂਗਰਸ ਬਣਾਉਂਦੀ ਹੈ ਅਤੇ ਬਦਲਾਅ ਵੀ ਉੱਥੇ ਤੋਂ ਹੀ ਹੋ ਸਕਦਾ ਹੈ।ਫਰਵਰੀ ਮਹੀਨੇ ਦੌਰਾਨ ਮੈਕਸੀਕੋ ਸਰਹੱਦ 'ਤੇ 8 ਹਜ਼ਾਰ ਤੋਂ ਵੱਧ ਪ੍ਰਵਾਸੀ ਰੋਕੇ ਗਏ ਸਨ, ਜਦਕਿ ਮਾਰਚ ਵਿਚ ਹਰ ਰੋਜ਼ ਔਸਤਨ 1,026 ਗੈਰਕਾਨੂੰਨੀ ਪ੍ਰਵਾਸੀ ਫੜੇ ਗਏ।

# ਸਾਡੇ ਲਈ ਹਾਲੇ ਵੀ ਜੰਗ ਵਰਗੇ ਹਾਲਾਤ ਤੇ ਫੌਜ ਅਲਰਟ:ਇਰਾਨ

ਤਹਿਰਾਨ:-ਇਰਾਨ ਨੇ ਸਪਸ਼ਟ ਕੀਤਾ ਹੈ ਕਿ ਭਾਵੇਂ ਇਸ ਸਮੇਂ ਜੰਗਬੰਦੀ ਲਾਗੂ ਹੈ ਪਰ ਉਸ ਦੇ ਦੇਸ਼ ਲਈ ਹਾਲਾਤ ਹਾਲੇ ਵੀ ਜੰਗ ਵਰਗੇ ਹੀ ਬਣੇ ਹੋਏ ਹਨ। ਇਰਾਨੀ ਫੌਜ ਦੇ ਬੁਲਾਰੇ ਨੇ ਜਾਣਕਾਰੀ ਦਿੱਤੀ ਕਿ ਪੂਰੇ ਦੇਸ਼ ਵਿੱਚ ਲਗਾਤਾਰ ਨਿਗਰਾਨੀ ਅਤੇ ਸਰਵੀਲੈਂਸ ਜਾਰੀ ਹੈ ਅਤੇ ਇਰਾਨ ਮੌਜੂਦਾ ਸਥਿਤੀ ਨੂੰ ਕਿਸੇ ਵੀ ਕੀਮਤ 'ਤੇ ਪੂਰੀ ਤਰ੍ਹਾਂ ਆਮ ਨਹੀਂ ਮੰਨ ਰਿਹਾ। ਬੁਲਾਰੇ ਅਨੁਸਾਰ ਫੌਜ ਅਤੇ ਹੋਰ ਸੁਰੱਖਿਆ ਏਜੰਸੀਆਂ ਹਰ ਛੋਟੀ-ਵੱਡੀ ਗਤੀਵਿਧੀ 'ਤੇ ਨਜ਼ਰ ਰੱਖ ਰਹੀਆਂ ਹਨ।ਇਰਾਨ ਨੇ ਅੱਜ ਕਿਹਾ ਹੈ ਕਿ ਅਮਰੀਕਾ ਹੁਣ ਉਸ ਸਥਿਤੀ ਵਿੱਚ ਨਹੀਂ ਰਿਹਾ ਕਿ ਉਹ ਦੂਜੇ ਦੇਸ਼ਾਂ 'ਤੇ ਆਪਣੇ ਫੈਸਲੇ ਥੋਪ ਸਕੇ ਜਾਂ ਉਨ੍ਹਾਂ ਨੂੰ ਇਹ ਦੱਸੇ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਤਹਿਰਾਨ ਤੋਂ ਮਿਲੀ ਜਾਣਕਾਰੀ ਅਨੁਸਾਰ ਇਰਾਨ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਰੇਜ਼ਾ ਤਲਾਏਈ-ਨਿਕ ਨੇ ਰਸਮੀ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਡੋਨਲਡ ਟਰੰਪ ਦੇ ਕਿਸੇ ਵੀ ਤਰ੍ਹਾਂ ਦੇ ਦਬਾਅ ਅੱਗੇ ਹੁਣ ਗੋਡੇ ਨਹੀਂ ਟੇਕਣਗੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਨੂੰ ਆਪਣੀਆਂ ਗਲਤ ਮੰਗਾਂ ਨੂੰ ਤੁਰੰਤ ਛੱਡਣਾ ਪਵੇਗਾ।

ਇਹ ਅਹਿਮ ਬਿਆਨ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ, ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹਣ ਨਾਲ ਸਬੰਧਤ ਇਰਾਨ ਦੇ ਇੱਕ ਨਵੇਂ ਪ੍ਰਸਤਾਵ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਵਰਤਮਾਨ ਵਿੱਚ ਅਮਰੀਕਾ, ਇਰਾਨ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਲਾਗੂ ਹੈ ਪਰ ਇਸ ਲੰਮੇ ਸੰਘਰਸ਼ ਨੂੰ ਸਥਾਈ ਤੌਰ 'ਤੇ ਖ਼ਤਮ ਕਰਨ ਲਈ ਚੱਲ ਰਹੀ ਗੱਲਬਾਤ ਵਿੱਚ ਅਜੇ ਤੱਕ ਕੋਈ ਨਿਰਣਾਇਕ ਨਤੀਜਾ ਸਾਹਮਣੇ ਨਹੀਂ ਆਇਆ ਹੈ। ਦੂਜੇ ਪਾਸੇ, ਖੇਤਰੀ ਹਾਲਾਤ ਨੂੰ ਦੇਖਦੇ ਹੋਏ ਲੈਬਨਾਨ ਵਿੱਚ ਵੀ ਸੁਰੱਖਿਆ ਪ੍ਰਬੰਧ ਸਖ਼ਤ ਹਨ ਅਤੇ ਉੱਥੋਂ ਦੀ ਪੁਲੀਸ ਵੀ ਪੂਰੀ ਤਰ੍ਹਾਂ ਚੌਕਸ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ।

# ਮੈਕਸੀਕੋ ਸਥਿਤ ਅਮਰੀਕੀ ਦੂਤਾਵਾਸ ਵੱਲੋਂ ਸੁਰੱਖਿਆ ਚੇਤਾਵਨੀ ਜਾਰੀ

ਮੈਕਸੀਕੋ ਸਿਟੀ:- ਮੈਕਸੀਕੋ ਸਥਿਤ ਅਮਰੀਕੀ ਦੂਤਾਵਾਸ ਨੇ ਇੱਕ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਅਮਰੀਕੀ ਸਰਕਾਰੀ ਕਰਮਚਾਰੀਆਂ ਨੂੰ ਸਰਹੱਦੀ ਸ਼ਹਿਰ ਰੇਨੋਸਾ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ ਗਿਆ ਹੈ ਕਿਉਂਕਿ ਉੱਥੋਂ ਹਿੰਸਕ ਅਪਰਾਧਿਕ ਗਤੀਵਿਧੀਆਂ ਵਿਚ ਵਾਧੇ ਦੀਆਂ ਰਿਪੋਰਟਾਂ ਆ ਰਹੀਆਂ ਹਨ। ਸੋਮਵਾਰ ਨੂੰ ਜਾਰੀ ਕੀਤੀ ਗਈ ਇਸ ਚੇਤਾਵਨੀ ਵਿਚ ਸ਼ਹਿਰ ਅਤੇ ਇਸਦੇ ਆਲੇ-ਦੁਆਲੇ ਸੜਕਾਂ 'ਤੇ ਰੁਕਾਵਟਾਂ ਅਤੇ ਸੁਰੱਖਿਆ ਖਤਰਿਆਂ ਸਮੇਤ ਕਈ ਘਟਨਾਵਾਂ ਦਾ ਹਵਾਲਾ ਦਿੱਤਾ ਗਿਆ ਹੈ। ਦੂਤਾਵਾਸ ਦੇ ਅਨੁਸਾਰ ਮੈਟਾਮੋਰੋਸ ਸਥਿਤ ਅਮਰੀਕੀ ਕੌਂਸਲੇਟ ਨੂੰ ਰੇਨੋਸਾ ਵਿਚ ਹਿੰਸਾ ਦੀਆਂ ਭਰੋਸੇਯੋਗ ਰਿਪੋਰਟਾਂ ਮਿਲੀਆਂ, ਜਿਸ ਕਾਰਨ ਅਮਰੀਕੀ ਸਰਕਾਰੀ ਕਰਮਚਾਰੀਆਂ ਦੁਆਰਾ ਇਸ ਖੇਤਰ ਵਿਚ ਯਾਤਰਾ ਕਰਨ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਗਈ।

ਇਹ ਘਟਨਾਕ੍ਰਮ ਉੱਤਰੀ ਮੈਕਸੀਕਨ ਰਾਜ ਤਾਮੌਲੀਪਾਸ ਵਿਚ ਚੱਲ ਰਹੀਆਂ ਸੁਰੱਖਿਆ ਚਿੰਤਾਵਾਂ ਨੂੰ ਦਰਸਾਉਂਦਾ ਹੈ, ਜੋ ਕਿ ਅਮਰੀਕੀ ਰਾਜ ਟੈਕਸਾਸ ਨਾਲ ਲੱਗਦਾ ਹੈ। 700,000 ਤੋਂ ਵੱਧ ਆਬਾਦੀ ਵਾਲਾ ਤਾਮੌਲੀਪਾਸ ਦਾ ਸਭ ਤੋਂ ਵੱਡਾ ਸ਼ਹਿਰ ਰੇਨੋਸਾ, ਮੈਕਐਲਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਸਥਿਤ ਹੈ ਅਤੇ ਮੈਕਐਲਨ-ਹਿਡਾਲਗੋ ਅੰਤਰਰਾਸ਼ਟਰੀ ਪੁਲ ਰਾਹੀਂ ਸਿੱਧੇ ਤੌਰ 'ਤੇ ਟੈਕਸਾਸ ਨਾਲ ਜੁੜਿਆ ਹੋਇਆ ਹੈ। ਆਪਣੀ ਰਣਨੀਤਕ ਸਥਿਤੀ ਦੇ ਕਾਰਨ, ਇਹ ਲੰਬੇ ਸਮੇਂ ਤੋਂ ਸਰਹੱਦ ਪਾਰ ਆਵਾਜਾਈ ਅਤੇ ਵਧਦੀ ਸੰਗਠਿਤ ਅਪਰਾਧਿਕ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਤਾਮੌਲੀਪਾਸ ਲਈ ਇੱਕ ਪੱਧਰ 4 "ਯਾਤਰਾ ਨਾ ਕਰੋ" ਸਲਾਹ ਜਾਰੀ ਕੀਤੀ ਹੈ, ਜਿਸ ਵਿਚ ਅੱਤਵਾਦ, ਅਪਰਾਧ ਅਤੇ ਅਗਵਾ ਸਮੇਤ ਕਈ ਜ਼ੋਖਮਾਂ ਦੀ ਚੇਤਾਵਨੀ ਦਿੱਤੀ ਗਈ ਹੈ। ਇਹ ਚੇਤਾਵਨੀ ਉੱਤਰੀ ਸਰਹੱਦ 'ਤੇ ਸੰਗਠਿਤ ਅਪਰਾਧ ਦੇ ਪ੍ਰਚਲਨ ਨੂੰ ਉਜਾਗਰ ਕਰਦੀ ਹੈ, ਜਿਸ ਵਿਚ ਗੋਲੀਬਾਰੀ, ਹਥਿਆਰਬੰਦ ਡਕੈਤੀ, ਵਾਹਨ ਖੋਹਣਾ, ਜਬਰੀ ਲਾਪਤਾ ਹੋਣਾ ਅਤੇ ਜਿਨਸੀ ਹਮਲੇ ਵਰਗੀਆਂ ਘਟਨਾਵਾਂ ਦਾ ਹਵਾਲਾ ਦਿੱਤਾ ਗਿਆ ਹੈ।ਕੋਲੀਮਾ, ਗੁਆਰੇਰੋ, ਮਿਚੋਆਕਨ, ਸਿਨਾਲੋਆ ਅਤੇ ਜ਼ਕਾਟੇਕਸ ਸਮੇਤ ਹੋਰ ਉੱਚ-ਜੋਖਮ ਵਾਲੇ ਮੈਕਸੀਕਨ ਰਾਜਾਂ ਲਈ ਵੀ ਇਸੇ ਤਰ੍ਹਾਂ ਦੀਆਂ ਯਾਤਰਾ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਅਮਰੀਕੀ ਅਧਿਕਾਰੀਆਂ ਨੇ ਰੇਨੋਸਾ ਦੇ ਨਿਵਾਸੀਆਂ ਨੂੰ ਚੌਕਸ ਰਹਿਣ, ਆਵਾਜਾਈ ਨੂੰ ਸੀਮਤ ਕਰਨ, ਸਥਾਨਕ ਮੀਡੀਆ ਦੀ ਨਿਗਰਾਨੀ ਕਰਨ ਅਤੇ ਸਥਾਨਕ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਹੈ। ਨਾਗਰਿਕਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਆਪਣੀ ਸੁਰੱਖਿਆ ਬਾਰੇ ਸੂਚਿਤ ਕਰਨ ਅਤੇ ਆਪਣੀਆਂ ਨਿੱਜੀ ਸੁਰੱਖਿਆ ਯੋਜਨਾਵਾਂ ਦੀ ਸਮੀਖਿਆ ਕਰਨ ਦੀ ਵੀ ਅਪੀਲ ਕੀਤੀ ਜਾਂਦੀ ਹੈ। ਸਥਾਨਕ ਸੇਵਾਵਾਂ ਰਾਹੀਂ ਐਮਰਜੈਂਸੀ ਸਹਾਇਤਾ ਉਪਲਬਧ ਹੈ। ਇਹ ਚੇਤਾਵਨੀ ਮੈਕਸੀਕੋ 'ਚ ਵਿਆਪਕ ਸੁਰੱਖਿਆ ਚਿੰਤਾਵਾਂ ਦੇ ਵਿਚਕਾਰ ਆਈ ਹੈ।

# ਲੱਖਾਂ ਅਮਰੀਕੀਆਂ ਲਈ ਕੈਨੇਡੀਅਨ ਨਾਗਰਿਕਤਾ ਲੈਣ ਦਾ ਰਾਹ ਹੋਇਆ ਸੌਖਾ

ਸਿਓਸ ਫਾਲਜ਼ (ਅਮਰੀਕਾ), - ਲੱਖਾਂ ਅਮਰੀਕੀਆਂ ਲਈ ਹੁਣ ਕੈਨੇਡੀਅਨ ਨਾਗਰਿਕਤਾ ਲੈਣ ਦਾ ਰਾਹ ਬਹੁਤ ਸੌਖਾ ਹੋ ਗਿਆ ਹੈ। ਇਸ ਕਾਰਨ ਲੋਕਾਂ ਵਿਚ ਆਪਣੇ ਪੁਰਖਿਆਂ ਦੀ ਵਿਰਾਸਤ ਦੀ ਪਛਾਣ ਕਰਨ ਅਤੇ ਦੋਹਰੀ ਨਾਗਰਿਕਤਾ ਲਈ ਕਾਗਜ਼ੀ ਕਾਰਵਾਈ ਕਰਨ ਦੀ ਦੌੜ ਲੱਗ ਗਈ ਹੈ। ਫਾਰਮਿੰਗਟਨ, ਮਿਨੀਸੋਟਾ ਦੇ ਜ਼ੈਕ ਲਾਊਡ ਵਰਗੇ ਵਿਅਕਤੀਆਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਨਵੇਂ ਕਾਨੂੰਨ ਤਹਿਤ ਕੈਨੇਡਾ ਪਹਿਲਾਂ ਹੀ ਉਸ ਨੂੰ ਅਤੇ ਉਸ ਦੇ ਭੈਣ-ਭਰਾਵਾਂ ਨੂੰ ਨਾਗਰਿਕ ਮੰਨਦਾ ਹੈ ਕਿਉਂਕਿ ਉਨ੍ਹਾਂ ਦੀ ਦਾਦੀ ਕੈਨੇਡੀਅਨ ਹੈ। ਉਸ ਨੇ ਕਿਹਾ, "ਮੈਂ ਤੇ ਮੇਰੀ ਪਤਨੀ ਪਹਿਲਾਂ ਹੀ ਦੇਸ਼ ਤੋਂ ਬਾਹਰ ਨੌਕਰੀਆਂ ਲੱਭਣ ਬਾਰੇ ਵਿਚਾਰ ਕਰ ਰਹੇ ਸੀ ਪਰ ਨਾਗਰਿਕਤਾ ਮਿਲਣ ਦੀ ਸੰਭਾਵਨਾ ਕਾਰਨ ਕੈਨੇਡਾ ਸਾਡੀ ਸੂਚੀ ਵਿਚ ਸਭ ਤੋਂ ਉਪਰ ਆ ਗਿਆ ਹੈ।"

ਨਵਾਂ ਕਾਨੂੰਨ 15 ਦਸੰਬਰ 2025 ਤੋਂ ਲਾਗੂ ਹੋਇਆ ਹੈ। ਅਮਰੀਕਾ ਅਤੇ ਕੈਨੇਡਾ ਦੇ ਇਮੀਗਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਨਾਗਰਿਕਤਾ ਦੇ ਸਬੂਤ ਵਜੋਂ ਅਰਜ਼ੀਆਂ ਜਮ੍ਹਾਂ ਕਰਾਉਣ ਵਿਚ ਮਦਦ ਮੰਗਣ ਵਾਲੇ ਮੁਵੱਕਿਲਾਂ ਦੀ ਭੀੜ ਲੱਗ ਗਈ ਹੈ।ਜਿਨ੍ਹਾਂ ਕੋਲ ਦਸਤਾਵੇਜ਼ ਤਿਆਰ ਹਨ, ਉਨ੍ਹਾਂ ਲਈ ਨਾਗਰਿਕਤਾ ਦੇ ਸਬੂਤ ਦੀ ਅਰਜ਼ੀ ਫੀਸ ਮੁਕਾਬਲਤਨ ਘੱਟ ਹੈ। ਇਹ ਮਹਿਜ਼ 75 ਕੈਨੇਡੀਅਨ ਡਾਲਰ ਹੈ ਪਰ ਉਨ੍ਹਾਂ ਲੋਕਾਂ ਲਈ ਖ਼ਰਚਾ ਵਧ ਜਾਵੇਗਾ, ਜੋ ਕਿਸੇ ਵਕੀਲ ਜਾਂ ਵੰਸ਼ਾਵਲੀ ਮਾਹਰ ਦੀ ਮਦਦ ਲੈ ਰਹੇ ਹਨ। ਬੈੱਡਫੋਰਡ ਦੀ ਮਿਸ਼ੇਲ ਕੁਨਹਾ ਨੇ ਦੱਸਿਆ ਕਿ ਉਸ ਨੇ ਵਕੀਲ ਦੀ ਮਦਦ ਲਈ ਅਤੇ ਉਸ ਦਾ ਲਗਪਗ 6,500 ਡਾਲਰ ਦਾ ਖ਼ਰਚਾ ਆਵੇਗਾ।

# ਟਰੰਪ ਸਰਕਾਰ ਦਾ ਨਵਾਂ ਸਖਤ ਰੁਖ

## ਰਾਜਨੀਤਿਕ ਵਿਚਾਰਾਂ ਕਾਰਨ ਵੀ ਗ੍ਰੀਨ ਕਾਰਡ ਹੋ ਸਕਦਾ ਰੱਦ

ਵਾਸ਼ਿੰਗਟਨ- ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਇੱਕ ਵਾਰ ਫਿਰ ਸਖ਼ਤ ਰੁਖ ਵਿਚ ਨਜ਼ਰ ਆ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਗ੍ਰੀਨ ਕਾਰਡ ਅਰਜ਼ੀਕਾਰਾਂ ਦੀ ਜਾਂਚ ਲਈ ਨਵੇਂ ਮਾਪਦੰਡ ਲਾਗੂ ਕਰ ਰਹੀ ਹੈ, ਜਿਸ ਤਹਿਤ ਕੁਝ ਰਾਜਨੀਤਿਕ ਵਿਚਾਰ ਪ੍ਰਗਟ ਕਰਨ ਵਾਲੇ ਲੋਕਾਂ ਨੂੰ ਵੀ ਗ੍ਰੀਨ ਕਾਰਡ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਰਿਪੋਰਟ ਅਨੁਸਾਰ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਅੰਦਰੂਨੀ ਟ੍ਰੇਨਿੰਗ ਦਸਤਾਵੇਜ਼ਾਂ ਵਿਚ ਇਮੀਗ੍ਰੇਸ਼ਨ ਅਫਸਰਾਂ ਨੂੰ ਨਵੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਮੁਤਾਬਕ ਜੇਕਰ ਕੋਈ ਅਰਜ਼ੀਕਾਰ ਇਜ਼ਰਾਈਲ ਵਿਰੋਧੀ ਬਿਆਨ ਦਿੰਦਾ ਹੈ, ਫਲਸਤੀਨ ਪੱਖੀ ਪ੍ਰਦਰਸ਼ਨਾਂ ਵਿਚ ਹਿੱਸਾ ਲੈਂਦਾ ਹੈ ਜਾਂ ਕੁਝ ਹੋਰ ਰਾਜਨੀਤਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਮਿਲਦਾ ਹੈ, ਤਾਂ ਉਸਦੀ ਗ੍ਰੀਨ ਕਾਰਡ ਅਰਜ਼ੀ ਨੂੰ ਨਕਾਰਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਅਮਰੀਕੀ ਝੰਡਾ ਸਾੜਨ ਜਾਂ ਨਸ਼ਟ ਕਰਨ ਵਰਗੀਆਂ ਕਾਰਵਾਈਆਂ ਨੂੰ ਵੀ ਨਕਾਰਾਤਮਕ ਤੌਰ 'ਤੇ ਦੇਖਿਆ ਜਾ ਸਕਦਾ ਹੈ। ਸਰਕਾਰ ਦੇ ਮੁਤਾਬਕ ਇਹ ਕਦਮ ਰਾਸ਼ਟਰੀ ਸੁਰੱਖਿਆ, ਅਮਰੀਕੀ ਸੰਸਥਾਵਾਂ ਦੀ ਰੱਖਿਆ ਅਤੇ ਦੇਸ਼ ਦੇ ਮੁੱਲਾਂ ਨੂੰ ਬਚਾਉਣ ਲਈ ਚੁੱਕੇ ਜਾ ਰਹੇ ਹਨ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਹਿਲਾਂ ਵੀ ਕਿਹਾ ਸੀ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਲਾਭ ਕੋਈ ਹੱਕ ਨਹੀਂ, ਸਗੋਂ ਇੱਕ ਵਿਸ਼ੇਸ਼ ਅਧਿਕਾਰ ਹਨ। ਏਜੰਸੀ ਦੇ ਬੁਲਾਰੇ ਨੇ ਕਿਹਾ ਸੀ ਕਿ ਜੋ ਲੋਕ ਅਮਰੀਕਾ ਨਾਲ ਨਫ਼ਰਤ ਕਰਦੇ ਹਨ ਜਾਂ ਐਂਟੀ-ਅਮਰੀਕਨ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੇ ਹਨ, ਉਨ੍ਹਾਂ ਨੂੰ ਇਹ ਲਾਭ ਨਹੀਂ ਦਿੱਤੇ ਜਾਣੇ ਚਾਹੀਦੇ।

Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031



ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
FLY from Seattle to India
We Represent All Major Airlines
TURKISH AIRLINES
QATAR AIRWAYS القطرية
DELTA
Emirates
Lufthansa
Lowest Fare Guaranteed
We will beat any fare given in Kent/Seattle Area by Any Travel Agency
24 Hr Emergency
Call Amit Juneja: 206-992-2724
Now 2 Locations To Serve You
23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com
India Special FARES
USA Travel Services is your one-stop shop for all of your travel needs.
• Power of Attorney,
• Affidavits, Passports,
• Renunciations
• OCI • Notary Public •
• Translation - Hindi / Punjabi
• Uk & India Online Visa Available
• ਮੁਖਤਿਆਰਨਾਮਾ,
• ਐਫੀਡੈਵਿਟ, ਪਾਸਪੋਰਟ,
• ਓ.ਸੀ.ਆਈ.
• ਨੋਟਰੀ ਪਬਲਿਕ
• ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
• ਇੰਡੀਆ ਦਾ ਵੀਜ਼ਾ
ਅਤੇ ਪਾਸਪੋਰਟ ਬਣਵਾਉ



OPEN 6 DAYS A WEEK, TUESDAY CLOSED

**OPENING HOURS**
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →

Renton Location has Full Grocery Store & Sweet Shop
East Indian Spices, Dairy Products,

ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ

# Pabla Indian Cuisine

Phone: 425-228-4625   Fax: 425-228-4629   Serving Washington for 27 years.

www.pablacuisine.com   pablacuisine@gmail.com

## PABLA PUNJABI PALACE

2nd Location Now Open in Federal Way, WA

2020 S 314th St, Federal Way, WA 98003 (Hillside Plaza)

• Marriage Parties •Birthday Parties •Mehndi Parties • Business Meetings •Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559   Email: pablajas@yahoo.com

## Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

**Call to Advertise 604-590-5200**

# PIZZA STATION

15300 33rd Ave S. Suite130, Seatac WA

**10% Off All Orders**

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



**PH:206-644-4133**

Sun to Thurs: 10 am-10 pm
Fri/Sat: 10 am to 11pm
Email:info@pizzastationwa.com

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

**PH:206-644-4010**

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

**Maj Parminder (Pari) Mann**
Ex Indian Army
SKYLINE PROPERTIES, INC
Cell:425-499-9704
email:parimann@gmail.com



## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ



**Col Navtej Nijjar**
NMLS 1484258
LA Financial Services
Cell:206-334-4035
email:nijjar.n@gmail.com

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery




FREE PANI-PURI
FRI-SUN (12PM 5PM)
ONLY 4 Pani Puri/CUSTOMER

ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Kaurs Tax And Accounting

Trucking Compliance
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

Professional Assistance Filling
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

Tax Services
- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa
Ph:206-472-9602
702 S Hill Park Dr Suite 202 Puyallup, WA 98373
accounting@kaurs.net
trucking@kaurs.net
Web:www.kaurs.net

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR
-P&L -30 DAY SOFR ARM -1099 PROGRAM -7/6 SOFR ARMS
-LOT/CUSTOM CONSTRUCTION LOAN AVAILABLE
-24/12 BANK STATEMENT LOANS



ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

Ready to grow your business?
Count on us for solutions.



Gifty Singh
Bellevue
400 112th Ave NE
206-909-5226
BANNER BANK
bannerbank.com Member FDIC

JAG'S PIZZA
ਇੰਡੀਅਨ ਸਟਾਈਲ ਪੀਜਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870